1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 105
ਨੰਬਰ 8, 9

੧੯ ਜੇਠ ਤੋਂ ੧੬ ਹਾੜ ੨੦੮੨ ਬਿ.
01 to 30 June 2025

# ਸਤਿ ਜੁਗ

10/-

# ਗੁਰਮਤਿ ਸਿਖਲਾਈ ਸਮਾਗਮ ਚੰਡੀਗੜ੍ਹ ਜ਼ੋਨ 2025








# ਗੁਰਮਤਿ ਸਿਖਲਾਈ ਸਮਾਗਮ ਦਿੱਲੀ ਜ਼ੋਨ 2025









ਸਤਿਜੁਗ

੧੯ ਜੇਠ ਤੋਂ ੧੬ ਹਾੜ ੨੦੮੨ ਬਿ.
1 ਤੋਂ 30 ਜੂਨ 2025 ਈ.
ਜਿਲਦ 105, ਨੰਬਰ 8,9

ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ, ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ

ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***

# ਤਤਕਰਾ

* ਸੰਪਾਦਕੀ....................4

* ਗੁਰਬਾਣੀ ਵਿਆਖਿਆ....................6

* ਗੁਰੂ ਕਾ ਲਾਡਲਾ ਸਪੂਤ -ਸੂਬਾ ਸਾਹਿਬ ਸਿੰਘ
ਸੁਵਰਨ ਸਿੰਘ ਵਿਰਕ....................8

* ਅਨੰਦ ਕਾਰਜ ਦੀ ਰਸਮ ਦਾ ਗੌਰਵਮਈ ਇਤਿਹਾਸਕ ਪਿਛੋਕੜ
ਡਾ. ਲਖਵੀਰ ਸਿੰਘ ਰਾਮਪੁਰਾ ਫੂਲ....................16

* ਸ਼ਾਹ ਦਰਵੇਸ਼ – ਸਤਿਗੁਰ ਪ੍ਰਤਾਪ ਸਿੰਘ
ਸੰਤ ਗੁਰੂਬਚਨ ਸਿੰਘ....................19

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ....................22

* ਅੱਖੀਂ ਡਿੱਠਾ ਕਿੱਸਾ ਕੀਤਾ
ਸੰਪਾ: ਸੁਵਰਨ ਸਿੰਘ ਵਿਰਕ....................25

* MURDER OFBEEF BUTCHERS BY KUKAS
**Dr. Gurdev Singh Sidhu....................28**

* THE SATGURU – SANT SINGH
**Sant Singh....................33**

* ਖ਼ਬਰਨਾਮਾ....................36

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।




## ਸੰਪਾਦਕੀ

ਗੁਰੂ ਨਾਨਕ ਦੇਵ ਜੀ ਦੁਨੀਆਂ ਨੂੰ ਤਾਰਨ ਲਈ ਜਦੋਂ ਤਲਵੰਡੀ ਤੋਂ ਤੁਰੇ ਤਾਂ ਆਪ ਨੇ ਭਾਈ ਮਰਦਾਨੇ ਨੂੰ ਰਸਤੇ ਦਾ ਸਾਥੀ ਬਣਾਇਆ, ਜਿਸ ਨੂੰ ਕਾਰੀਗਰ ਕੋਲ ਭੇਜ ਰਬਾਬ ਮੰਗਵਾ ਕੇ ਦਿੱਤੀ ਅਤੇ ਕੀਰਤਨ ਦੀ ਦਾਤ ਬਖ਼ਸ਼ੀ। ਫਿਰ ਧਰਤੀ ਦੇ ਜਿਸ ਵੀ ਕੋਨੇ ਵਿੱਚ ਬਾਬਾ ਗਿਆ ਨਾਦ ਗੂੰਜ ਉੱਠਿਆ। ਬਾਬੇ ਨਾਲ ਸਾਰੀ ਕੁਦਰਤ ਇੱਕ ਸੁਰ ਹੋ ਕੇ ਗਾਉਂਦੀ। ਜਿਸ ਵੀ ਸੁਰ ਵਿੱਚ ਬਾਬੇ ਦੇ ਸਾਥੀ ਨੇ ਰਬਾਬ ਨੂੰ ਟੁਣਕਾਇਆ ਨਦੀਆਂ ਝਰਨਿਆਂ ਪੰਛੀਆਂ ਹਵਾਵਾਂ ਨੇ ਨਾਲ ਸਾਥ ਦਿੱਤਾ।

ਬਾਬੇ ਦਾ ਰਬਾਬੀ ਰੱਬ ਆਬੀ ਭਿੰਨੀ ਤਾਰ ਜੀਹਦੀ। ਨਾਮ ਸੀ ਮਰਦਾਨਾ ਜਗ ਤਾਰਨੇ ਬਹਾਨਾ ਸੀ।

ਗੁਰੂ ਨਾਨਕ ਦੇਵ ਜੀ ਨੇ 'ਘਰ-ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ' ਦੀ ਪਰੰਪਰਾ ਸ਼ੁਰੂ ਕੀਤੀ। ਇਸ ਦਾ ਮੁੱਖ ਮਕਸਦ ਲੋਕਾਂ ਨੂੰ ਜਿੱਥੇ ਸੰਗੀਤ ਨਾਲ ਜੋੜਨਾ ਸੀ, ਉੱਥੇ ਕਰਤੇ ਦੀ ਸੱਚੀ ਸਿਫ਼ਤ ਕਰਨ ਲਈ ਪ੍ਰੇਰਨਾ ਦੇਣੀ ਸੀ। ਜਿਸ ਨਾਲ ਮਨੁੱਖ ਆਪਣੇ ਸੱਚੇ-ਸੁੱਚੇ ਆਦਰਸ਼ ਦੀ ਪਹਿਚਾਣ ਕਰ ਸਕੇ। ਗੁਰੂ ਅਰਜਨ ਦੇਵ ਜੀ ਨੇ ਸੱਤੇ ਬਲਵੰਡੇ ਦੇ ਨਰਾਜ ਹੋਣ ਤੋਂ ਬਾਅਦ ਸਾਧਾਰਨ ਕਿਰਤੀ ਸਿੱਖਾਂ ਨੂੰ ਕੀਰਤਨ ਕਰਨ ਲਈ ਕਿਹਾ।

ਸਭ ਸੰਗਤਿ ਇਕਠੀ ਭਈ ਦੀਵਾਨ ਲਗਾਏ॥ ਸਿੱਖਨਿ ਕੋ ਆਇਸੁ ਦਈ ਤੁਮ ਰਾਗ ਸੁਨਾਵਹੁ॥
ਗਾਵਹੁ ਸ਼ਬਦ ਸੁ ਤਾਨ ਜੁਤਿ ਵਿਦਯਾ ਇਹ ਪਾਵਹੁ॥ (ਸੂਰਜ ਪ੍ਰਕਾਸ਼ ਰਾਜ ਤੀਜੀ)

ਮੀਂਹ ਆਵੇ ਭਾਵੇਂ ਹਨੇਰੀ ਜਾਂ ਤੂਫ਼ਾਨ ਗੁਰੂ ਘਰ 'ਚ ਕੀਰਤਨ ਕਦੇ ਬੰਦ ਨਹੀਂ ਹੁੰਦਾ। ਗੁਰੂ ਗੋਬਿੰਦ ਸਿੰਘ ਜੀ ਨੇ ਜੰਗਾਂ ਯੁੱਧਾਂ ਦੇ ਸਮਿਆਂ ਵਿੱਚ ਵੀ ਆਸਾ ਦੀ ਵਾਰ ਦਾ ਕੀਰਤਨ ਕਰਦੇ ਰਹੇ। ਸਤਿਗੁਰੂ ਬਾਲਕ ਸਿੰਘ ਜੀ ਕੋਲ ਹਜ਼ਰੋਂ ਸਿੱਖ ਰਾਜ ਦੇ ਸੈਨਿਕ ਆਏ ਉਨ੍ਹਾਂ ਨੇ ਕੁਝ ਪੈਸੇ ਭੇਟਾ ਰੱਖੇ। ਸਤਿਗੁਰੂ ਜੀ ਕਿਹਾ ਚੁੱਕ ਲਵੋ ਤੁਸੀਂ ਗ੍ਰਿਹਸਤੀ ਹੋ ਘਰ ਦੀਆਂ ਲੋੜਾਂ ਪੂਰੀਆਂ ਕਰੋ। ਇਹ ਫ਼ੌਜੀ ਆਖਣ ਲੱਗੇ ਜੀ ਸਾਡੇ ਲਾਇਕ ਕੋਈ ਸੇਵਾ ਹੋਵੇ ਤਾਂ ਦੱਸੋ? ਸਤਿਗੁਰੂ ਜੀ ਬਚਨ ਕੀਤਾ "ਸ਼ੋਧਿਓ! ਤੁਸੀਂ ਕੀ ਕਾਰ ਕਰਨੀ ਹੈ, ਨਾਮ ਜਪਣਾ ਤੇ ਵੰਡ ਕੇ ਛਕਣਾ ਇਹੋ ਕਾਰ ਅੱਛੀ ਹੈ। ਤੁਸੀਂ ਇਕ-ਇਕ ਪ੍ਰਸ਼ਾਦਾ ਕੱਢਿਆ ਕਰੋ, ਧਰਮਸਾਲ

ਮੇਂ ਲੈ ਜਾਏ ਕੇ ਜੋ ਅੰਨ ਕਾ ਅਰਥੀ ਆਵੇ ਸਭ ਕੋ ਛਕਾਵੋ। ਨਾਲੇ ਰਾਗੀ ਰੱਖੋ, ਦੋ ਵਕਤ ਦੀਵਾਨ ਲਗਾਓ। ਆਸਾ ਕੀ ਵਾਰ ਲਾਵਣੀ ਇਸ਼ਨਾਨ ਕਰਕੇ ਸਰਬ ਜਾਇ ਕੇ ਵਾਰ ਸੁਣੋ।"

ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਦੁਬਾਰਾ ਸੰਤ ਖਾਲਸੇ ਦੀ ਸਥਾਪਨਾ 12 ਅਪਰੈਲ 1857 ਨੂੰ ਸ੍ਰੀ ਭੈਣੀ ਸਾਹਿਬ ਕੀਤੀ ਤਾਂ ਪੰਜਾਬ ਦੇ ਲੋਕਾਂ ਨੂੰ ਮੁੜ ਗੁਰਬਾਣੀ ਨਾਲ ਜੋੜਨ ਲਈ ਜਿੱਥੇ ਆਪ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਛਪਵਾਈਆਂ ਉੱਥੇ ਵੱਖ-ਵੱਖ ਰਾਗੀਆਂ ਨੂੰ ਪੰਜਾਬ ਦੇ ਹਰ ਕੋਨੇ ਭੇਜ ਕੀਰਤਨ ਦਾ ਪ੍ਰਵਾਹ ਆਰੰਭ ਕੀਤਾ। ਆਪ ਦੇ ਕੋਲ ਆਉਣ ਵਾਲੇ ਰਾਗੀ ਸਿੰਘਾਂ ਦੇ ਨਾਮ ਸ. ਨਾਹਰ ਸਿੰਘ ਐਮ.ਏ. ਇਸ ਪ੍ਰਕਾਰ ਲਿਖਦੇ ਹਨ-

ਦੀਵਾਨਾਂ ਵਿਚ ਸ਼ਬਦ ਬਾਣੀ ਪੜ੍ਹਨ ਲਈ ਪਹਿਲੋਂ ਪਹਿਲ ਤੰਤੀ ਸਾਜ਼ਾਂ ਰਬਾਬ, ਤਾਊਸ ਅਤੇ ਤਬਲਿਆਂ ਵਾਲੀਆਂ ਤਿੰਨ ਚੌਂਕੀਆਂ ਭੈਣੀ ਸਾਹਿਬ ਵਿਖੇ ਤਿਆਰ ਕੀਤੀਆਂ ਗਈਆਂ। ਭਾਈ ਧੁੱਲਾ ਭਾਈ ਦਿਤੂ, ਭਾਈ ਫਕੀਰੀਆ ਅਤੇ ਭਾਈ ਵਜ਼ੀਰੇ ਨੂੰ ਦੜਪ ਅਥਵਾ ਸਿਆਲਕੋਟ ਵਾਲੇ ਇਲਾਕੇ ਦੀ ਸੇਵਾ ਦਿੱਤੀ ਗਈ। ਭਾਈ ਪ੍ਰੇਮ ਸਿੰਘ, ਭਾਈ ਕਿਰਪਾਲ ਸਿੰਘ ਭਦੌੜ ਵਾਲੇ ਮਜ਼੍ਹਬੀ ਸਿੰਘ ਸਮੇਤ ਭਾਈ ਸਾਹਿਬ ਸਿੰਘ ਬੱਸੀਆਂ ਵਾਲੇ ਦੇ ਜਥੇ ਨੂੰ ਮਾਲਵੇ ਦੇ ਇਲਾਕੇ ਵਿੱਚ ਸੇਵਾ ਕਰਨ ਲਈ ਲਗਾਇਆ ਗਿਆ। ਅਟਾਰੀ ਦੇ ਭਾਈ ਤਾਰਾ ਸਿੰਘ ਅਤੇ ਭਾਈ ਪਾਲੀ ਨੂੰ ਮਾਝੇ ਵਿਚ ਸੰਗਤਾਂ ਨੂੰ ਕੀਰਤਨ ਸੁਣਾਉਣ ਲਈ ਮੁਕੱਰਰ ਕੀਤਾ। ਮੱਲ੍ਹੀਆਂ ਦੀ ਤਲਵੰਡੀ ਦੇ ਭਾਈ ਪਸ਼ੌਰਾ ਤੇ ਭਾਈ ਸੰਤੂ ਨੂੰ ਢੱਡ ਸਾਰੰਗੀ ਨਾਲ ਸੰਗਤਾਂ ਨੂੰ ਵਾਰਾਂ ਦੀ ਤਰਜ਼ ਤੇ ਗੁਰਬਾਣੀ ਸੁਣਾਉਣ ਲਈ ਲਗਾਇਆ। ਇਹ ਪੰਜਾਬ ਦੇ ਸਭ ਇਲਾਕਿਆਂ ਵਿੱਚ ਜਾਂਦੇ ਸਨ। ਪਿੰਡ ਮੋਰੋਂ ਦੇ ਰਾਗੀ ਸੂਬਾ ਸਿੰਘ ਅਤੇ ਉਸਦੇ ਸਾਥੀ ਦੁਆਬੇ ਵਿੱਚ ਪ੍ਰਚਾਰ ਕਰਦੇ ਸਨ। ਭਾਈ ਖਜਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਅਤੇ ਅਤਰ ਸਿੰਘ ਪਿੰਡ ਛਾਪਾ ਦੇ ਰਾਗੀ ਸਿੰਘ ਜਿਨ੍ਹਾਂ ਦੇ ਬਜ਼ੁਰਗਾਂ ਨੂੰ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਰੰਦਾ ਬਖ਼ਸ਼ ਕੇ ਰਾਗ ਦੀ ਦਾਤ ਬਖਸ਼ੀ ਸੀ। ਭੈਣੀ ਰਹਿ ਕੇ ਇਰਦ ਗਿਰਦ ਦੇ ਇਲਾਕਿਆਂ ਵਿਚ ਦੀਵਾਨਾਂ ਵਿੱਚ, ਆਸਾ ਦੀ ਵਾਰ ਲਗਾ ਕੇ ਅਤੇ ਸ਼ਬਦ ਚੌਂਕੀਆਂ ਕਰ ਕੇ ਸੇਵਾ ਕਰਦੇ।

ਨਾਮਧਾਰੀ ਪੰਥ ਵਿੱਚ ਢੋਲਕੀ ਛੈਣਿਆਂ ਨਾਲ ਕੀਰਤਨ ਕਰਨ ਦੀ ਪ੍ਰੰਪਰਾ ਵੀ ਸਤਿਗੁਰੂ ਰਾਮ ਸਿੰਘ ਜੀ ਨੇ ਆਰੰਭ ਕੀਤੀ। ਸਧਾਰਨ ਲੋਕਾਂ ਨੂੰ ਪੱਕੇ ਰਾਗਾਂ ਦੀ ਸਮਝ ਘੱਟ ਹੋਣ ਕਾਰਨ ਢੋਲਕੀ ਛੈਣਿਆਂ ਦਾ ਕੀਰਤਨ ਬੜਾ ਪ੍ਰਚਲਿਤ ਹੋਇਆ। ਲੋਕ ਗੀਤਾਂ ਵਿੱਚ ਢੋਲਕੀ ਛੈਣਿਆ ਨੂੰ ਨਾਮਧਾਰੀਆਂ ਦੀ ਪਹਿਚਾਣ ਨਾਲ ਜੋੜਿਆ ਹੈ- 'ਓਹ ਘਰ ਕੂਕਿਆਂ ਦਾ ਜਿਥੇ ਢੋਲਕੀ ਛੈਣੇ ਖਵਕਣ' ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਦੇ ਪਿੰਡ-ਪਿੰਡ ਜਾ ਕੇ ਗੁਰਬਾਣੀ ਦਾ ਪ੍ਰਚਾਰ ਕੀਤਾ। ਦਹਾਕਿਆਂ ਤੋਂ ਬੰਦ ਪਈਆਂ ਪਿੰਡਾਂ ਦੀਆਂ ਧਰਮਸ਼ਾਲਾਵਾਂ ਆਪ ਜਾ ਕੇ ਖੋਲ੍ਹੀਆਂ, ਸਫ਼ਾਈ ਕੀਤੀ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਲੋਕਾਂ ਨੂੰ ਕਿਹਾ ਭਾਈ "ਗੁਰਬਾਣੀ ਇਸੁ ਜਗ ਮਹਿ ਚਾਨਣੁ" ਇਹ ਤੁਹਾਡੇ ਜੀਵਨ ਨੂੰ ਰੁਸ਼ਨਾ ਦੇਵੇਗੀ। ਸਤਿਗੁਰੂ ਜੀ ਜਦੋਂ ਪ੍ਰਦੇਸ ਜਾਂਦੇ ਹਨ, ਉਥੋਂ ਵੀ ਆਪਣੇ ਪਿਆਰਿਆਂ ਸਿੱਖਾਂ ਲਈ ਬਾਰ-ਬਾਰ ਇਹ ਹੁਕਮ ਲਿਖ ਭੇਜਦੇ ਹਨ- "ਹੋਰ ਭਾਈ ਖ਼ਾਲਸਾ ਜੀ ਜਿਤਨੇ ਪੁਜ ਆਵਨ ਉਤਨੇ ਭੋਗ ਗ੍ਰੰਥ ਸਾਹਿਬ ਦੇ ਪੁਆਉਣੇ। ਜੇ ਕਰ ਇਕ ਘਰ ਤੇ ਨਾ ਪੁਜ ਆਵੇ ਤਾ ਦੁਹਿ ਚਹੁ ਸਿੰਘਾਂ ਨੇ ਰਲ ਕੇ ਭੋਗ ਪੁਆ ਦੇਣੇ।" (ਹੁਕਮਨਾਮਾ ਸਤਿਗੁਰੂ ਰਾਮ ਸਿੰਘ ਜੀ)

ਸਤਿਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਅੰਗਰੇਜ਼ ਸਰਕਾਰ ਦੀ ਸਖ਼ਤੀ ਨੂੰ ਸਹਿੰਦੇ ਹੋਏ ਹਜ਼ਾਰਾਂ ਹੀ ਪਾਠਾਂ ਦੇ ਭੋਗ ਪਵਾਏ, ਉੱਥੇ ਗੁਰਬਾਣੀ ਕੀਰਤਨ ਦਾ ਨਿਰਵਿਘਨ ਪ੍ਰਵਾਹ ਚਲਾਇਆ। ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਭਾਈ ਨੱਥਾ ਸਿੰਘ, ਭਾਈ ਕੱਥਾ ਸਿੰਘ, ਭਾਈ ਮੇਲਾ ਸਿੰਘ, ਭਾਈ ਖਜਾਨ ਸਿੰਘ, ਭਾਈ ਜੈਮਲ ਸਿੰਘ ਜੋੜੀਵਾਲਾ, ਭਾਈ ਰਤਨ ਸਿੰਘ, ਭਾਈ ਹਰਨਾਮ ਸਿੰਘ ਅਤੇ ਭਾਈ ਸੁਜਾਨ ਸਿੰਘ, ਭਾਈ ਕਾਲੂ ਨਾਰੋਵਾਲ ਆਦਿ ਰਾਗੀ ਸਨ। ਸਤਿਗੁਰੂ ਜੀ ਦਾ ਦੌਰਾ ਸੁਣ ਕਈ ਢਾਡੀਆਂ ਦੀਆਂ ਜੋੜੀਆਂ ਨਾਲ ਰਲ ਜਾਂਦੀਆਂ। ਕਈ ਵਾਰ ਸਾਰਿਆਂ ਨੂੰ ਸੁਨਣਾ ਮੁਸ਼ਕਲ ਹੋ ਜਾਂਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵੀ ਕਈ ਰਾਗੀ ਸਿੰਘਾਂ ਦੀਆਂ ਜੋੜੀਆਂ ਸਨ, ਜਿਨ੍ਹਾਂ ਨੇ ਦੇਸ ਵਿਦੇਸ਼ ਗੁਰਬਾਣੀ ਦਾ ਪ੍ਰਚਾਰ ਕੀਤੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਗੁਰਬਾਣੀ ਕੀਰਤਨ ਵਿੱਚ ਨਵੀਂ ਕ੍ਰਾਂਤੀ ਲੈ ਆਏ। ਨਵੇਂ ਬੱਚੇ ਤਿਆਰ ਕੀਤੇ। ਆਪ ਦਾ ਹੁਕਮ ਸੀ ਕਿ "ਹਰ ਸਿੱਖ ਬੱਚੇ ਵਿਚੋਂ ਸੰਗੀਤ ਦੀ ਖੁਸ਼ਬੂ ਜ਼ਰੂਰ ਆਵੇ।" ਨਾਮਧਾਰੀ ਬਚਿਆਂ ਨੂੰ ਵੱਡੇ-ਵੱਡੇ ਉਸਤਾਦਾਂ ਕੋਲ ਭੇਜ ਭਾਰਤੀ ਸੰਗੀਤ ਪ੍ਰੰਪਰਾ ਨਾਲ ਜੋੜਿਆ। ਜਿਨ੍ਹਾਂ ਨੇ ਸਾਰੀ ਦੁਨੀਆਂ ਦੇ ਸੰਗੀਤ ਪ੍ਰੇਮੀਆਂ ਨੂੰ ਪ੍ਰਭਾਵਿਤ ਕੀਤਾ। ਹਜ਼ੂਰ ਸਤਿਗੁਰੂ ਵੀ ਇਸ ਪ੍ਰੰਪਰਾ ਨੂੰ ਅਗੇ ਵਧਾਉਂਦੇ ਹੋਏ ਸਿੱਖਾਂ ਦਾ ਨੈਤਿਕ ਸਮਾਜਿਕ ਅਤੇ ਧਾਰਮਿਕ ਜੀਵਨ ਨੂੰ ਨਿਖਾਰਨ ਲਈ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹਨ।

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਵਡੀ ਵਡਿਆਈ ਜਾਣੈ ਆਲਾਉ ॥**
ਸਭ ਦੀ ਫਰਿਆਦ ਸੁਨਣ ਵਾਲੇ ਦੀ ਮਹਿਮਾ ਵੱਡੀ ਹੈ।
He is magnificent because he hears the prayers of all.

**ਵਡੀ ਵਡਿਆਈ ਬੁਝੈ ਸਭਿ ਭਾਉ॥**
ਸਾਰਿਆ ਦੇ ਮਨੋਭਾਵਾਂ ਨੂੰ ਸਮਝਣ ਵਾਲੇ ਦੀ ਮਹਿਮਾ ਵੱਡੀ ਹੈ।
He is magnificent because he understands the feelings of all.

**ਵਡੀ ਵਡਿਆਈ ਜਾ ਪੁਛਿ ਨ ਦਾਤਿ॥**
ਬਿਨਾ ਪੁੱਛਿਆਂ ਦਾਤਾਂ ਦੇਣ ਵਾਲੇ ਦੀ ਮਹਿਮਾ ਵੱਡੀ ਹੈ।
He is magnificent because he gives without being asked for.

**ਵਡੀ ਵਡਿਆਈ ਜਾ ਆਪੇ ਆਪਿ॥**
ਜਿਸ ਵਰਗਾ ਕੋਈ ਹੋਰ ਨਹੀਂ ਹੈ ਉਸਦੀ ਮਹਿਮਾ ਵੱਡੀ ਹੈ।
He is magnificent as He has no parallel.

**ਨਾਨਕ ਕਾਰ ਨ ਕਥਨੀ ਜਾਇ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਦੇ ਕਾਰਜਾਂ ਦਾ ਵਰਨਣ
ਨਹੀਂ ਕੀਤਾ ਜਾ ਸਕਦਾ।
Sri Guru Ji says: His actions are indescribable.

**ਕੀਤਾ ਕਰਣਾ ਸਰਬ ਰਜਾਇ॥2॥**
ਸਾਰੀ ਰਚਨਾ ਉਸ ਨੇ ਹੁਕਮ ਵਿੱਚ ਰਚੀ ਹੈ।
Whatever He has done, or will do, is in accordance to His will.

**ਮਹਲਾ 2॥**
**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥**
ਇਹ ਸੰਸਾਰ ਸੱਚ ਸਰੂਪ ਪਰਮੇਸ਼ਰ ਦੀ ਕੁਟੀਆ ਹੈ ਅਤੇ ਪ੍ਰਭੂ ਦਾ ਹੀ ਇਸ ਵਿੱਚ ਵਾਸਾ ਹੈ।
This world is the True God's house, God lives in his dwelling

**ਇਕਨ੍ਾ ਹੁਕਮਿ ਸਮਾਇ ਲਏ ਇਕਨ੍ਾ ਹੁਕਮੇ ਕਰੇ ਵਿਣਾਸੁ ॥**
ਕਈਆਂ ਨੂੰ ਹੁਕਮ ਨਾਲ ਆਪਣੇ ਵਿੱਚ ਮਿਲਾ ਲੈਂਦਾ ਹੈ ਅਤੇ ਕਈਆਂ ਨੂੰ ਹੁਕਮ ਨਾਲ ਹੀ ਖੁਆਰ ਕਰਦਾ ਹੈ।
By His command, He joins people with Him,
while by His command, some are destroyed.

**ਇਕਨ੍ਾ ਭਾਣੈ ਕਢਿ ਲਏ ਇਕਨ੍ਾ ਮਾਇਆ ਵਿਚਿ ਨਿਵਾਸੁ॥**

ਕਈਆਂ ਨੂੰ ਆਪਣੀ ਰਜ਼ਾ ਅਨੁਸਾਰ ਸੰਸਾਰ ਰੂਪੀ ਮਾਇਆ ਤੋਂ
ਨਿਰਲੇਪ ਕਰ ਲੈਂਦਾ ਹੈ ਅਤੇ ਕਈ ਮਾਇਆ ਦੀ ਦੌੜ ਵਿੱਚ ਭੱਜੇ ਫਿਰਦੇ ਹਨ।

Some, by the Pleasure of His will, are lifted up out of *Maya* (illusion),
while others are made to dwell within it.

**ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ॥**

ਇਹ ਗੱਲ ਵੀ ਨਹੀਂ ਕਹੀ ਜਾ ਸਕਦੀ ਕਿ ਉਸਨੂੰ ਕਿਸ ਦਾ ਕੀਤਾ ਭਾਵੇਗਾ?

No one can say whose actions will please Him.

**ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ॥3॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਨੂੰ ਉਹ ਸੋਝੀ ਦਿੰਦਾ ਹੈ, ਉਹ ਹੀ ਗੁਰੂ ਵਾਲਾ ਬਣਦਾ ਹੈ।

Sri Guru Ji says: Gurmukh (enlightened person)
is the one whom the Lord reveals himself to.

**ਪਉੜੀ॥**

**ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੀਵਾਂ ਨੂੰ ਪੈਦਾ ਕਰਕੇ ਪਰਮੇਸ਼ਰ ਨੇ
ਉਹਨਾਂ ਦੇ ਕਾਰਜਾਂ ਦੇ ਲੇਖੇ ਲਈ ਧਰਮਰਾਜ ਨੂੰ ਨਿਯੁਕਤ ਕੀਤਾ ਹੈ। ।

Sri Guru Ji says after creating the beings, God appointed Dharamraj (Judge of
Righteousness) to account for their actions.

**ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥**

ਉਸ ਦੀ ਕਚਹਿਰੀ ਵਿੱਚ ਫੈਸਲਾ ਸੱਚ ਦੇ ਆਧਾਰ ਤੇ ਹੁੰਦਾ ਹੈ,
ਮਾੜੇ ਕਰਮਾਂ ਵਾਲਿਆਂ ਨੂੰ ਵੱਖ ਕੱਢ ਦਿੱਤਾ ਜਾਂਦਾ ਹੈ।

In His court, people are judged according to truthfulness,
the sinners are selected and separated.

**ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥**

ਉਥੇ ਝੂਠਿਆਂ ਨੂੰ ਕੋਈ ਥਾਂ ਨਹੀਂ ਮਿਲਦਾ ਅਤੇ
ਉਹ ਬੇਇੱਜ਼ਤ ਹੋ ਕੇ ਨਰਕਾਂ ਨੂੰ ਜਾਂਦੇ ਹਨ।

People who follow the path of falsehood are sent to hell
with their faces shamefully blackened.

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

# ਗੁਰੂ ਕਾ ਲਾਡਲਾ ਸਪੂਤ–
# ਸੂਬਾ ਸਾਹਿਬ ਸਿੰਘ



**ਸੁਵਰਨ ਸਿੰਘ ਵਿਰਕ**
**9996371716**

"ਧੰਨ ਗੁਰੂ ਰਾਮ ਸਿੰਘ, ਜੱਗ ਦਾ ਉਧਾਰ ਕੀਆ,
ਤੀਨ ਲੋਕ ਤਾਰ, ਦੂਰ ਕੀਏ ਸਭ ਦੁੱਖ ਜੀ।
ਗੁਰੂ ਰਾਮ ਸਿੰਘ ਨਾਮ ਲਏ, ਤੀਨ ਲੋਕ ਪਾਰ ਪਏ,
ਧ੍ਰਿਗ ਜਨਮ ਓਸਦਾ, ਜੋ ਆਖਦੇ ਮਨੁੱਖ ਜੀ।
ਸੰਗਤਾਂ ਬਣਾਈਆਂ, ਗੁਰੂ ਰਾਮ ਸਿੰਘ ਚਾਰ ਤਰਫ਼,
ਸਾਹਿਬ ਸਿੰਘ ਲਾਡਲਾ, ਸਪੂਤ ਜਾ ਕੋ ਸੁੱਤ ਜੀ।
ਮਨੁ ਤਨੁ ਸੀਤਲ ਬਣਾਇਆ ਗੁਰੂ ਰਾਮ ਸਿੰਘ,
ਨਾਮ ਦੇ ਆਧਾਰ ਸੇ ਅਘਾਏ ਸਭ ਦੁੱਖ ਜੀ।"
–ਭਾਈ ਖਜ਼ਾਨ ਸਿੰਘ

ਸਾਰੇ ਨਾਮਧਾਰੀ ਸੰਤ ਖਾਲਸੇ ਵਿਚੋਂ ਜਿਸਨੂੰ ਸਮਕਾਲੀ ਕਵੀ ਜਾਂ ਰਾਗੀ ਸਿੰਘ ਨੇ 'ਲਾਡਲਾ ਸਪੂਤ' ਲਿਖਿਆ ਸੀ ਉਹ ਕਿਹੋ ਜਿਹਾ ਹੋਏਗਾ ? ਉਸਨੂੰ ਵਕਤ ਦੇ ਅੰਗਰੇਜ਼ ਹਾਕਮ ਸਤਿਗੁਰੂ ਰਾਮ ਸਿੰਘ ਜੀ ਦਾ ਸਿਆਸੀ ਉੱਤਰਾਧਿਕਾਰੀ ਲਿਖਦੇ ਹਨ। ਉਸ ਦੀ ਬੋਲਚਾਲ, ਤੀਖਣ ਬੁੱਧੀ, ਮੌਕੇ 'ਤੇ ਫੈਸਲੇ ਲੈਣ ਦੀ ਜੁਰਅਤ, ਦਲੇਰੀ, ਨਿਰਭੈਤਾ, ਅਡੋਲਤਾ, ਸੰਜਮੀ ਅਤੇ ਸਿਰੜੀ ਜੀਵਨ, ਸਤਿਗੁਰੂ ਜੀ ਅਤੇ ਉਹਨਾਂ ਦੁਆਰਾ ਵਿੱਢੇ ਕੌਮੀ ਮੁਕਤੀ ਸੰਗਰਾਮ ਪ੍ਰਤੀ ਮੁਕੰਮਲ ਸਮਰਪਣ ਦੀ ਭਾਵਨਾ, ਦੂਰ ਅੰਦੇਸ਼ੀ, ਵੈਰੀ ਦੀਆਂ ਸਾਰੀਆਂ ਚਾਲਾਂ ਦਾ ਜੁਆਬ ਦੇਣ ਲਈ ਨਵੀਂ ਵਿਉਹ ਰਚਨਾ ਕਰ ਲੈਣਾ, ਕਸ਼ਟਾਂ ਦੀ ਕੁਠਾਲੀ ਵਿਚ ਦੇਹੀ ਨੂੰ ਢਾਲ ਕੇ ਕੁੰਦਨ ਬਣਨ ਦੀ ਸਮਰੱਥਾ ਨੇ, ਉਸ ਨੂੰ ਕੂਕਾ ਅੰਦੋਲਨ ਦਾ ਅਮਰ ਨਾਇਕ ਬਣਾ ਦਿੱਤਾ ਹੈ। ਉਹ ਉਹਨਾਂ ਸੂਰਬੀਰਾਂ ਅਤੇ ਸੰਗਰਾਮੀਆਂ ਵਿਚੋਂ ਹੈ, ਜੋ ਆਪਣੇ ਛੋਟੇਰੇ ਜੀਵਨ ਕਾਲ ਵਿਚ ਵੀ ਵੱਡੀਆਂ ਪ੍ਰਾਪਤੀਆਂ ਕਰਕੇ, ਇਤਿਹਾਸ ਦੀ ਹਿੱਕੜੀ ਤੇ ਆਪਣੀਆਂ ਪੈੜਾਂ ਸਦੀਵ ਕਾਲ ਲਈ ਅੰਕਿਤ ਕਰ ਜਾਂਦੇ ਹਨ। ਮਨੁੱਖੀ ਮੁਕਤੀ ਯੁੱਧ ਵਿਚ ਉਹਨਾਂ ਦੁਆਰਾ ਪਾਇਆ ਯੋਗਦਾਨ, ਉਹਨਾਂ ਨੂੰ ਸਮੇਂ ਸਥਾਨ ਅਤੇ ਦੇਸ਼ ਕਾਲ ਦੇ ਬੰਧਨਾਂ ਤੋਂ ਵੀ ਉੱਪਰ ਉਠਾ ਕੇ ਵਿਸ਼ਵ ਇਤਿਹਾਸ ਦੇ ਪੰਨਿਆਂ 'ਤੇ ਚਮਕਣ ਵਾਲੇ ਨਾਵਾਂ ਦੀ ਸੂਚੀ ਵਿਚ ਦਾਖ਼ਲ ਕਰ ਦਿੰਦਾ ਹੈ। ਉਹਨਾਂ ਦਾ ਜੀਵਨ ਕੁਤਬ ਤਾਰੇ ਜਿਉਂ ਬੇਯਕੀਨੀ ਦੀ ਹਾਲਤ ਵਾਲੀਆਂ ਰਾਤਾਂ ਵਿਚ ਮਾਰਗ ਦਰਸ਼ਕ ਬਣ ਜਾਂਦਾ ਹੈ। ਉਹਨਾਂ ਦੀ ਕੀਰਤੀ, ਕੌਮਾਂ ਨੂੰ ਆਪਣੇ ਜੀਵਨ ਦੇ ਉਤਰਾਵਾਂ ਚੜ੍ਹਾਵਾਂ ਦੀ ਤਰਾਸਦਿਕ ਸਥਿਤੀ ਵਿਚੋਂ ਉਭਾਰਨ ਦੀ, ਇਕ ਸ਼ਕਤੀਸ਼ਾਲੀ ਵਾਹਕ ਬਣਦੀ ਹੈ। ਉਹ ਮਨੁੱਖੀ ਬਰਕਤਾਂ ਦਾ ਮੁਜੱਸਮਾ ਬਣ ਕੇ ਇਨਸਾਨੀ ਸਮਰੱਥਾਵਾਂ ਦੀ ਬੇਪਨਾਹ ਬੁਲੰਦੀ ਦੇ ਦਰਸ਼ਨ ਕਰਵਾਉਂਦੇ ਹਨ। ਉਹਨਾਂ ਦੇ ਪੈਰਾਂ ਵਿਚ ਧਰਤੀ ਦੀ ਤੋਰ, ਸੀਨਿਆਂ ਵਿਚ ਸਾਗਰਾਂ ਦਾ ਜੋਸ਼, ਹੱਥਾਂ ਵਿਚ ਪੌਣਾਂ ਦੀ ਫੁਰਤੀ ਨੇਤਰਾਂ ਵਿਚ ਚੜ੍ਹਦੇ ਸੂਰਜ ਦੀ ਚਮਕ ਅਤੇ ਮੱਥੇ ਵਿਚ ਦ੍ਰਿੜ੍ਹ ਵਿਸ਼ਵਾਸਾਂ ਦੇ ਦੀਪਕ ਜਗਮਗਾਉਂਦੇ ਹਨ। ਉਹ ਸਾਧਾਰਨ ਜਨਾ ਵਿਚੋਂ ਹੁੰਦਿਆਂ ਵੀ, ਲਹਿਰਾਂ ਦੇ ਕੰਧਾੜਿਆਂ ਤੇ ਚੜ੍ਹ ਕੇ ਅਸਧਾਰਨ ਕਾਰੇ ਕਰ ਜਾਂਦੇ ਹਨ। ਚਰਿੱਤਰ ਦੇ ਇਹਨਾਂ ਮੀਰੀ ਗੁਣਾਂ ਕਾਰਨ ਹੀ, ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ ਜੀ ਦਾ "ਲਾਡਲਾ ਸਪੂਤ ਅਖਵਾਉਣ ਦਾ ਸ਼ਰਫ ਸੂਬਾ ਸਾਹਿਬ ਸਿੰਘ ਜੀ ਦੇ ਹਿੱਸੇ ਆਇਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਕ ਉਪਦੇਸ਼ ਵਿਚ ਸੂਬਾ ਜੀ ਬਾਰੇ ਮੁੱਢਲੀ ਜਾਣਕਾਰੀ ਇਉਂ ਦਰਜ ਹੈ– 'ਸਾਹਿਬ ਸਿੰਘ ਜੀ ਜਿਹੜੇ ਸਤਿਗੁਰਾਂ ਦੇ ਪਾਸ ਰਹਿਣ ਵਾਲੇ ਖ਼ਾਸ ਸੂਬਿਆਂ ਵਿਚੋਂ ਸਨ, ਜਿਨ੍ਹਾਂ ਉੱਤੇ ਬਹੁਤ ਕਿਰਪਾ ਸੀ। ਬਾਬਾ ਜੱਸਾ ਸਿੰਘ ਜੀ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪੂਜਯ ਪਿਤਾ ਸੀ), ਜਿਨ੍ਹਾਂ ਨੂੰ ਬਹੁਤ ਪਿਆਰ ਕਰਦੇ ਸੀ। ਬਾਬਾ ਜੀ ਦਾ ਜਨਮ ਬਰਮਾਲੀ ਪੁਰ ਪਿੰਡ (ਆਮ ਬੋਲਚਾਲ ਵਿਚ ਬੰਗਾਲੀ ਪੁਰ ਕਿਹਾ ਜਾਂਦਾ ਹੈ), ਜ਼ਿਲ੍ਹੇ ਅੰਮ੍ਰਿਤਸਰ (ਹੁਣ ਤਰਨਤਾਰਨ) ਦਾ ਸੀ। ਜਿਹੜੀ ਤਿੰਨਾ ਘੋੜੀਆਂ ਵਾਲੀ ਤਸਵੀਰ ਹੈ... ਦਰਮਿਆਨ ਦੀ ਤਸਵੀਰ ਬਾਬਾ ਜੀ ਦੀ ਹੈ, ਜਿਨ੍ਹਾਂ ਦਾ ਇਓਂ ਹੱਥ ਕੀਤਾ ਹੋਇਆ.... ਤਾਂ ਉਹ (ਭਾਈ ਖਜਾਨ ਸਿੰਘ ਰਾਗੀ) ਇਉਂ ਉਸ ਵੇਲੇ ਕਹਿੰਦੇ ਸੀ– ਬਈ

ਸਤਿਗੁਰਾਂ ਦੇ ਪੁੱਤਰ ਹਨ, ਬਾਬਾ ਸਾਹਿਬ ਸਿੰਘ ਜੀ। ਕੁੰਜੀਆਂ ਉਹਨਾਂ ਕੋਲ ਸੀਆਂ। ਗੌਰਮਿੰਟ ਦੇ ਕਾਗਜ਼ਾਂ ਵਿਚ ਵੀ ਇਹ ਲਫਜ਼ ਆਏ ਹਨ ਕਿ ਇਹ ਆਦਮੀ ਜਿਹੜਾ ਹੈ, ਇਹਦੇ ਦਿਲ ਦਾ ਭੇਦ ਨਹੀਂ ਸਮਝਿਆ ਜਾ ਸਕਦਾ।

ਇਕ ਤਿੰਨਾਂ ਘੋੜੀਆਂ ਵਾਲੀ ਤਸਵੀਰ ਲੁਧਿਆਣਾ ਦੇ ਸਤਿਗੁਰੂ ਜੀ ਦੇ ਸਮਕਾਲੀ ਮੁਸੱਵਰ ਵਜ਼ੀਰ ਅਲੀ ਦੀ ਬਣਾਈ ਹੋਈ ਸੀ ਜਿਸ ਵਿਚ ਸਤਿਗੁਰੂ ਜੀ ਦੇ ਸਾਹਵੇਂ ਸਲੋਤਰਾਂ ਵਾਲੇ ਪੈਦਲ ਸ਼ਹੀਦ ਸਿੰਘ, ਹੀਰਾ ਸਿੰਘ ਲਹਿਣਾ ਸਿੰਘ ਆਦਿ ਛੇ ਸਿੰਘਾਂ ਦਾ ਮਸਤਾਨਾ ਦਲ ਹੈ ਅਤੇ ਸੂਬਾ ਸਾਹਿਬ ਸਿੰਘ ਤੋਂ ਇਲਾਵਾ ਸੂਬਾ ਲੱਖਾ ਸਿੰਘ ਜੀ ਹਨ। ਸੂਬਾ ਜੀ ਦੇ ਹੱਥ ਦੇ ਇਸ਼ਾਰੇ ਦਾ ਭਾਵ ਹੈ ਕਿ ਉਹ ਕਿਸੇ ਜਗਿਆਸੂ ਨੂੰ ਸਤਿਗੁਰੂ ਜੀ ਬਾਰੇ ਜਾਣਕਾਰੀ ਦੇ ਰਹੇ ਹਨ।

ਜੇ ਡਬਲਯੂ, ਮੈਕਨਬ ਜੋ ਪਿਛਲੇ ਵਰ੍ਹੇ ਤੱਕ ਅੰਬਾਲੇ ਦਾ ਕਾਰਜਕਾਰੀ ਕਮਿਸ਼ਨਰ ਸੀ ਅਤੇ ਮਗਰੋਂ ਭਾਰਤ ਸਰਕਾਰ ਨੇ ਅਪ੍ਰੈਲ ੧੯੭੨ ਈ. ਵਿੱਚ ਉਸ ਨੂੰ ਨਜ਼ਰਬੰਦ ਕੂਕੇ ਸੂਬਿਆਂ ਦੇ ਅਲਾਹਾਬਾਦ ਕਿਲ੍ਹੇ ਵਿਚ ਬਿਆਨ ਲੈ ਕੇ ਉਹਨਾਂ ਦੀ ਤਕਦੀਰ ਬਾਰੇ ਸਿਫਾਰਸ਼ਾਂ ਕਰਨ ਦਾ ਅਧਿਕਾਰ ਦਿੱਤਾ ਸੀ। ਸਾਹਿਬ ਸਿੰਘ ਹੋਰਾਂ ਦੇ ਮੈਕਨਬ ਸਾਹਮਣੇ ਦਿੱਤੇ ਬਿਆਨ ਮੁਤਾਬਿਕ ਉਹਨਾਂ ਦਾ ਜਨਮ ੧੮੩੪ ਈ. ਦਾ ਹੈ ਪਿਤਾ ਦਾ ਨਾਮ ਦਿਆਲ ਸਿੰਘ ਪਿੰਡ ਇਥੇ ਬਨਵਾਲੀ ਪੁਰ, ਤਰਨ ਤਾਰਨ, ਅੰਮ੍ਰਿਤਸਰ ਲਿਖਿਆ ਮਿਲਦਾ ਹੈ। ਉਹ ਰਾਮਗੜ੍ਹੀਆ ਸਿੱਖ ਜਾਤੀ ਵਿਚੋਂ ਸਨ। ਉਹਨਾਂ ਦੇ ਦੱਸਣ ਮੁਤਾਬਿਕ ਨਾਮ ਦੀ ਦਾਤ ਲੈ ਕੇ ਨਾਮਧਾਰੀ, ਉਹ ਹਜਰੋਂ ਨਿਵਾਸੀ ਗੁਰੂ ਬਾਲਕ ਸਿੰਘ ਜੀ ਤੋਂ ੧੮੫੯ ਈ. ਵਿਚ ਬਣਿਆ ਸੀ, ਜੋ ਤਿੰਨ ਸਾਲ ਬਾਅਦ ਦੇਹ ਦਾ ਉਹਲਾ ਕਰ ਗਏ ਸਨ। ਉਸ ਦੇ ਦੋ ਹੋਰ ਭਾਈ ਸਨ ਹੀਰਾ ਸਿੰਘ ਅਤੇ ਰੂੜ ਸਿੰਘ। ਰੂੜ ਸਿੰਘ ਆਪ ਤੋਂ ਤਿੰਨ ਵਰ੍ਹੇ ਵੱਡਾ ਸੀ। ਉਹ ਵਿਆਹਿਆ ਵਰ੍ਹਿਆ ਸੀ ਅਤੇ ਅੰਮ੍ਰਿਤਸਰ ਸਾਹਿਬ ਵਿਚ ਨਿਵਾਸ ਰੱਖਦਾ ਸੀ ਜਿਸਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਥਾਪਿਆ ਸੀ। ਸੰਨ ੧੮੫੯-੬੦ ਈ. ਵਿਚ ਹੀ ਸਾਹਿਬ ਸਿੰਘ ਭੈਣੀ ਸਾਹਿਬ ਸਤਿਗੁਰੂ ਜੀ ਪਾਸ ਪੁੱਜਦਾ ਹੈ। ਇੱਥੇ ਆਉਣ ਤੋਂ ਪਹਿਲਾਂ ਉਹ ਤਕਰੀਬਨ ਨੌਂ ਸਾਲ ਉਦਾਸੀ ਸਾਧੂ ਦੇ ਰੂਪ ਵਿਚ ਦੇਸਾ ਰਟਨ ਕਰਦਾ ਰਿਹਾ ਅਤੇ ਇਉਂ ਗ੍ਰਹਿਸਤ ਮਾਰਗ ਤੋਂ ਵਿਰਕਤ ਹੀ ਰਿਹਾ ਫਿਰ ਉਸ ਦੇ ਹੋਰ ਵਡੇਰੇ ਮਿਸ਼ਨ, ਦੇਸ਼ ਦਾ ਸੁਤੰਤਰਤਾ ਸੰਗਰਾਮ ਅਤੇ ਕੂਕਾ ਜਥੇਬੰਦੀ ਦੇ ਸੰਗਠਨ ਨੇ ਉਸ ਨੂੰ ਬਿਹੰਗਮ ਜੀਵਨ ਤੋਂ ਇਲਾਵਾ ਹੋਰ ਕੁਝ ਸੋਚਣ ਦਾ ਮੌਕਾ ਹੀ ਨਹੀਂ ਦਿੱਤਾ। ਸਾਡਾ ਪਹਿਲਾ ਇਤਿਹਾਸਕਾਰ ਉਸ ਦੇ ਭੈਣੀ ਸਾਹਿਬ ਆਉਣ ਨੂੰ ਇਕ ਪੌਰਾਣਿਕ ਸਾਖੀ ਨਾਲ ਜੋੜ ਕੇ ਉਸਨੂੰ ਸਤਿਗੁਰੂ ਜੀ ਦਾ ਆਦਿ ਜੁਗਾਦੀ ਮਿੱਤਰ ਜਾਂ ਸੰਗੀ ਸਖਾ ਲਿਖ ਕੇ ਇਉਂ ਵਡਿਆਉਂਦਾ ਹੈ-

ਬਾਬਾ ਸਾਹਿਬ ਸਿੰਘ ਜੀ ਆਇਆ ਕਹਿਣ ਲੱਗਾ ਜੀ ਮੇਰੇ ਏਥੇ ਰਹਿਣ ਦਾ ਸੰਕਲਪ ਹੈ। ਮੈਸਾਂ ਚਾਰ ਲਿਆਇਆ ਕਰਾਂਗਾ, ਗੁਰੂ ਜੀ ਕਿਹਾ ਚੰਗਾ ਰਹਿਣੇ ਲੱਗਾ। ਫੇਰ ਵਿੱਦਿਆ ਪੜ੍ਹਾਉਣੇ ਲਗਾ ਮੁੰਡਿਆਂ ਨੂੰ। ਸਤਿਗੁਰੂ ਜੀ ਬਚਨ ਕੀਤਾ ਪਹਿਲੇ ਮੈਂ ਆਪਣੇ ਹੱਥੀਂ ਸੇਵਾ ਕਰਦਾ ਹੁੰਦਾ ਸਾਂ। ਜਾਂ ਮੈਂ ਅੱਠ ਬਰਸਾਂ ਕਾ ਸੀ ਤਾਂ ਮੈਂ ਮੈਸਾਂ ਚਾਰਨ ਜਾਂਦਾ ਹੁੰਦਾ ਸੀ। ਮੈਂ ਆਪਣੇ ਹੱਥੀਂ ਸੇਵਾ ਕੀਤੀ ਹੈ ਤਾਂ ਅੱਗੇ ਹੁਣ ਸੇਵਾ ਕਰਨ ਵਾਲੇ ਹਾਜ਼ਰ ਆਣ ਹੋਏ ਹੈਂ।... ਲੰਕਾ ਜਦ ਡੰਕਾ ਬਜਾ ਕੇ ਫਤੇ ਕੀਤੀ ਸੀ ਤਾਂ ਹਨੂਮਾਨ ਜੀ ਵਰ ਮੰਗਿਆ ਸੀ ਕਿ ਜੇ ਮਾਤ ਲੋਕ ਮੈਂ ਆਵੇ ਤਾਂ ਨਾਲ ਹੀ ਆਈਏ, ਜੇ ਬੈਕੁੰਠ ਮੈਂ ਜਾਵੋ ਤਾਂ ਨਾਲ ਹੀ ਜਾਈਏ। ਤਿੰਨਾਂ ਤੋਂ ਪੈਦਾ ਕਰਨ ਲੱਗੇ ਹਾਂ। ਇਸ ਸਮੇਂ ਸਤਿਗੁਰੂ ਜੀ ਦੁਆਬੇ ਤੋਂ ਲੁਧਿਆਣੇ ਨੂੰ ਆ ਕੇ ਮਾਮੀ ਦੇ ਘਰੋਂ ਪਰਸ਼ਾਦਾ ਛਕ ਕੇ, ਬਿਰਾਜ ਕੇ ਸੁਬਾਹ ਭੈਣੀ ਸਾਹਿਬ ਨੂੰ ਤੁਰੇ ਤਾਂ ਇਕ ਫੰਧਕ ਨੇ ਪੰਛੀ ਫੜੇ ਹੋਏ ਸਨ। ਸਾਹਿਬ ਸਿੰਘ ਨੂੰ ਹੁਕਮ ਦੇ ਕੇ ਫੰਧਕ ਨੂੰ ਕੁਝ ਮਾਇਆ ਦਿੱਤੀ ਅਤੇ ਉਸ ਤੋਂ ਪੰਛੀ ਮੁਕਤ ਕਰਵਾਏ।

ਅਪ੍ਰੈਲ ੧੮੬੧ ਈ. ਵਿਚ ਹਰਦੁਆਰ ਅਰਧ ਕੁੰਭੀ ਦੇ ਮੇਲੇ ਤੇ ਸ੍ਰੀ ਸਤਿਗੁਰੂ ਜੀ ਸਾਹਿਬ ਸਿੰਘ ਅਤੇ ਹੋਰ ਨਿਕਟ ਵਰਤੀਆਂ ਸਮੇਤ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਪਹੁੰਚਦੇ ਹਨ। ਇਸ ਫੇਰੀ ਸਮੇਂ ਬਾਹੋਵਾਲ ਜੀ ਨੇ ਆਪਦੇ ਬਹੁਤ ਸਾਰੇ ਬਚਨ ਸਾਖੀਆਂ ਕੌਤਕ ਦਰਜ ਕੀਤੇ ਹਨ, ਜਿਹਨਾਂ ਦਾ ਮਕਸਦ ਗਿਆਨ ਵਿਹੂਣੀ, ਅੰਧੀ ਰਈਅਤ ਨੂੰ ਸੁਮਾਰਗ ਦੀ ਸੋਝੀ ਕਰਵਾਉਣੀ ਸੀ। ਆਪਣੇ ਸੇਵਕਾਂ ਨਾਲ ਗੁਰ ਸਿੱਖੀ ਵਾਲੇ ਸੰਬੰਧਾਂ ਨੂੰ ਹੋਰ ਵਧੇਰੇ ਬਲ ਬਖਸ਼ਣ ਲਈ ਉਹਨਾਂ ਨੂੰ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਸਿੱਖੀ ਮੰਡਲ ਨਾਲ ਜੋੜਨ ਲਈ, ਹਿੰਦੂ ਪੌਰਾਣਿਕ ਸਾਹਿਤ ਦੀ ਭਰਪੂਰ ਵਰਤੋਂ ਸਤਿਗੁਰੂ ਜੀ ਕਰਿਆ ਕਰਦੇ ਸਨ। ਉਹ ਮਨੁੱਖੀ ਮਨੋ ਵਿਗਿਆਨ ਦੇ ਮਰਮੱਗ ਸਨ ਕਿ ਆਦਮੀ ਬਹੁਤ ਸਮਾਂ ਮਿੱਥ ਵਿਚ ਵੀ ਅਨੰਦਿਤ ਮਹਿਸੂਸ ਕਰਦਾ ਹੈ। ਇਸੇ ਦੌਰੇ ਸਮੇਂ ਇਕ ਸਿੱਖਣੀ ਨੇ ਜੋ ਵਿਚਾਰੀ ਵਾਹਵਾ ਸਧਾਰਨ ਬੁੱਧ ਹੋਏਗੀ ਕਿਹਾ ਕਿ ਮੈਨੂੰ ਟੱਪਾ (ਭਜਨ) ਭੁੱਲ ਗਿਆ ਹੈ। ਸਤਿਗੁਰੂ ਜੀ ਉਸ 'ਤੇ ਕ੍ਰੋਧਿਤ ਹੋ ਗਏ ਤਾਂ ਪਾਸੋਂ ਸਾਹਿਬ ਸਿੰਘ ਦੇ ਕਹਿਣ ਤੇ ਕਿ "ਬਖਸ਼ਿਓ ਜੀ" ਬਾਹੋਵਾਲ ਦੇ ਸ਼ਬਦਾਂ ਵਿਚ "ਗੁਰੂ ਜੀ ਬਚਨ ਕੀਤਾ ਤੇਰਾ ਪਿਓ ਮਾਰਿਆ ਸੀ। ਅੰਗਦ ਤੇਰਾ ਨਾਮ ਸੀ।" ਤਦੋਂ ਤੁਸਾਂ ਵਰ ਮੰਗਿਆ ਸੀ ਕਿ ਜੁੱਗੋਂ ਜੁੱਗ ਨਾਲ

ਰੱਖੀਂ। ਸੋ ਤੁਸੀਂ ਨਾਲ ਆਏ ਹੋ।

ਸਤਿਗੁਰੂ ਜੀ ਦੇ ਹੁਕਮ ਤੇ ਸਾਹਿਬ ਸਿੰਘ ਆਪਣੇ ਤੋਂ ਦੂਣੇ ਲੋਕਾਂ ਨਾਲ ਵੀ ਭਿੜ ਜਾਂਦਾ ਸੀ। ਭੈਅ ਨਹੀਂ ਸੀ ਮੰਨਦਾ ਕਿਸੇ ਦਾ ਅਤੇ ਸਦਾ ਤਿਆਰ ਬਰ ਤਿਆਰ ਰਹਿੰਦਾ ਸੀ 'ਧਰਮ ਜੁੱਧ ਕੇ ਚਾਓ' ਵਿਚ। ਇਹੋ ਕਾਰਨ ਸੀ ਕਿ ਜਦੋਂ ਸ੍ਰੀ ਸਤਿਗੁਰੂ ਜੀ ਨੇ, ਨਾਮਧਾਰੀ ਸੰਤ ਖਾਲਸੇ ਦੀ ਪੁਨਰ ਸਿਰਜਨਾ ਬਾਅਦ, ਆਪਣੇ ਪੰਥ ਦੇ ਜਥੇ ਬੰਦਕ ਢਾਂਚੇ ਨੂੰ ਚੁਸਤ ਦਰੁਸਤ ਬਨਾਉਣ ਲਈ ਪਹਿਲੇ ਪੰਜ ਸੂਬਿਆਂ ਦੀ ਸਥਾਪਨਾ ਕੀਤੀ (ਸੂਬਿਆਂ ਦੇ ਅਲਾਹਾਬਾਦ ਕਿਲ੍ਹੇ ਵਿਚ ਅਪ੍ਰੈਲ ੧੮੭੨ ਈ. ਵਿਚ ਦਿੱਤੇ ਬਿਆਨਾਂ ਤੋਂ ਪਤਾ ਲੱਗਦਾ ਹੈ ਕਿ ਇਹਨਾਂ ਦੀ ਸਥਾਪਨਾ ੧੮੬੫ ਈ. ਵਿਚ ਹੋਈ) ਜਦੋਂ ਸ੍ਰੀ ਸਤਿਗੁਰੂ ਜੀ ਨੂੰ ਭੈਣੀ ਸਾਹਿਬ ਵਿਖੇ ਨਜ਼ਰਬੰਦ ਕੀਤਾ ਸੀ ਕਿ ਬਾਹਰ ਪਰਚਾਰ ਦੌਰੇ ਨਾ ਕਰ ਸੱਕਣ। ਪਹਿਲੇ ਪੰਜਾਂ ਵਿਚੋਂ ਕਾਹਨ ਸਿੰਘ, ਸੁੱਧ ਸਿੰਘ, ਜਵਾਹਰ ਸਿੰਘ ਤੋਂ ਬਾਅਦ ਹੀ ਲੱਖਾ ਸਿੰਘ ਅਤੇ ਸਾਹਿਬ ਸਿੰਘ ਨੂੰ ਥੋੜ੍ਹੇ-ਥੋੜ੍ਹੇ ਵਕਫੇ ਬਾਅਦ ਇਸ ਧਾਰਮਿਕ ਅਤੇ ਇਤਿਹਾਸਕ ਮਹੱਤਤਾ ਵਾਲੇ ਪਦ ਦੀ ਜ਼ਿੰਮੇਵਾਰੀ ਸਉਂਪੀ ਗਈ।

ਵੈਸੇ ਤਾਂ ਬਰਤਾਨਵੀ ਵਸਤਾਂ ਅਤੇ ਸੰਸਥਾਵਾਂ ਦੇ ਬਾਈਕਾਟ ਦਾ ਲਗਾਤਾਰ ਪ੍ਰਚਾਰ ਕੂਕੇ ਕਰ ਰਹੇ ਸਨ ਪਰ ਕੂਕਿਆਂ ਦਾ ਡਾਕ ਦਾ ਆਪਣਾ ਪ੍ਰਬੰਧ ਏਨਾ ਵਿਸ਼ਾਲ ਅਤੇ ਹੈਰਤ ਅੰਗੇਜ਼ ਸੀ ਕਿ ਅੰਗਰੇਜ਼ ਸਰਕਾਰ ਮੂੰਹ ਵਿਚ ਉਂਗਲਾਂ ਪਾਉਣ 'ਤੇ ਮਜਬੂਰ ਹੋ ਜਾਂਦੀ ਸੀ। ਇਸ ਮਹਿਕਮੇ ਦੀ ਸਫ਼ਲਤਾ ਦਾ ਸਿਹਰਾ ਵੀ ਤੀਖਣ ਬੁੱਧੀ ਅਤੇ ਪਹਿਲ ਕਦਮੀ ਨਾਲ ਭਰਪੂਰ ਸੂਬਾ ਸਾਹਿਬ ਸਿੰਘ ਦੇ ਸੀਸ 'ਤੇ ਹੀ ਸਜਦਾ ਸੀ। ਸੰਤ ਇੰਦਰ ਸਿੰਘ ਚੱਕਰਵਰਤੀ ਦੇ ਸ਼ਬਦਾਂ ਵਿਚ-

ਮੰਨਦਾ ਸਾਹਿਬ ਸਿੰਘ ਦਾ ਲੋਹਾ ਸੀ ਅੰਗਰੇਜ਼
ਪਹਿਲਾਂ ਦਿੰਦਾ ਡਾਕ ਉਹ ਉਹਨਾਂ ਤੋਂ ਸੀ ਭੇਜ
-ਮਹਾਂ ਕਾਵਿ ਮਾਲਵੇਂਦਰ

ਇਕ ਹੋਰ ਪ੍ਰਸਿੱਧ ਨਾਮਧਾਰੀ, ਇਤਿਹਾਸਕਾਰ ਸੰਤ ਨਿਧਾਨ ਸਿੰਘ ਆਲਿਮ ਆਪਣੀ ਪੁਸਤਕ ਦੇ "ਕੂਕਾ ਪੋਸਟਲ ਸਰਵਿਸ" ਵਾਲੇ ਅਧਿਆਇ ਵਿਚ ਦਰਜ ਕਰਦੇ ਹਨ-

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਡਾਕ ਦਾ ਆਪਣਾ ਪ੍ਰਾਈਵੇਟ ਮਹਿਕਮਾ ਜਥੇਬੰਦ ਕਰਕੇ ਸੂਬਾ ਸਾਹਿਬ ਸਿੰਘ ਨੂੰ ਉਸ ਦਾ ਵੱਡਾ ਅਫਸਰ ਨੀਯਤ ਕੀਤਾ। ਉਨ੍ਹਾਂ ਨੂੰ ਆਪਣੀ ਦੂਰ ਦਰਸ਼ਤਾ ਨਾਲ ਪਹਿਲੋਂ ਹੀ ਅਨੁਭਵ ਕਰ ਲਿਆ ਸੀ ਕਿ ਜੇ ਡਾਕ ਨੂੰ ਸੈਂਸਰ ਹੋਣ ਤੋਂ ਬਚਾਇਆ ਜਾ ਸਕਦਾ ਹੈ ਤਾਂ ਉਸਦਾ ਅਦੁੱਤੀ ਤਰੀਕਾ ਡਾਕ ਦੇ ਸੁਤੰਤਰ ਮਹਿਕਮੇ ਦੀ ਸਥਾਪਨਾ ਹੈ। ਇਹ ਮਹਿਕਮਾ ਇਸ ਖ਼ੂਬੀ ਨਾਲ ਕਾਇਮ ਕੀਤਾ ਗਿਆ ਕਿ ਕੋਈ ਪੱਤਰ ਕਿਸੇ ਗ਼ੈਰ ਦੇ ਹੱਥ ਨਹੀਂ ਸੀ ਆ ਸਕਦਾ ਅਤੇ ਖ਼ਬਰਾਂ ਵੀ ਸਰਕਾਰੀ ਮਹਿਕਮਾ ਡਾਕ ਨਾਲੋਂ ਛੇਤੀ ਤੇ ਬਿਨਾਂ ਪੈਸੇ ਖਰਚ ਕਰਨ ਤੋਂ ਪੁੱਜ ਜਾਂਦੀਆਂ ਸਨ। ਖ਼ਬਰਾਂ ਵਾਸਤੇ ਸੰਕੇਤ ਨੀਯਤ ਕੀਤੇ ਗਏ ਸਨ, ਜਿਨ੍ਹਾਂ ਦਾ ਹਰਕਾਰਿਆਂ ਨੂੰ ਵੀ ਪਤਾ ਨਹੀਂ ਸੀ ਹੁੰਦਾ। ਉਨ੍ਹਾਂ ਤੋਂ ਕੇਵਲ ਸੂਬੇ ਅਤੇ ਜੱਥੇਦਾਰ ਹੀ ਜਾਣੂ ਹੁੰਦੇ ਸਨ।.. 'ਕੂਕਾ ਪੋਸਟਲ ਸਰਵਿਸ' ਸੰਬੰਧੀ ਸਰਕਾਰੀ ਰੀਕਾਰਡ ਵਿਚ ਵੀ ਪ੍ਰਸ਼ੰਸਾ ਕੀਤੀ ਗਈ ਹੈ। ਲਿਖਿਆ ਹੈ ਕਿ-

"ਕੂਕੇ ਜਿਨ੍ਹਾਂ ਨੂੰ ਸੰਤ ਖਾਲਸਾ ਵੀ ਕਿਹਾ ਜਾਂਦਾ ਹੈ, ਉਹਨਾਂ ਦਾ ਡਾਕ ਦਾ ਮਹਿਕਮਾ ਪ੍ਰਾਈਵੇਟ ਹੈ, ਜੋ ਬੜੀ ਖ਼ੂਬੀ ਨਾਲ ਜਥੇਬੰਦ ਕੀਤਾ ਹੋਇਆ ਹੈ। ਇਹ ਕੂਕਾ ਜੋ ਡਾਕ ਲੈ ਕੇ ਦੂਜੇ ਪਿੰਡ ਦੇ ਕੂਕੇ ਪਾਸ ਪੁੱਜਦਾ ਹੈ, ਉਹ ਜੋ ਕੰਮ ਕਰਦਾ ਹੋਵੇ ਵਿਚ ਛੱਡ ਦਿੰਦਾ ਹੈ। ਜੇ ਰੋਟੀ ਅੱਧੀ ਖਾਧੀ ਤੇ ਅੱਧੀ ਰਹਿੰਦੀ ਹੈ, ਤਾਂ ਉਹ ਦੂਜੀ ਗਿਰਾਹੀ ਮੂੰਹ ਵਿਚ ਨਹੀਂ ਪਾਉਂਦਾ, ਅਤੇ ਕੋਈ ਪ੍ਰਸ਼ਨ ਪੁੱਛਣ ਤੋਂ ਬਿਨਾਂ ਹੀ ਚਿੱਠੀ ਲੈ ਕੇ ਦੌੜ ਜਾਂਦਾ ਹੈ, ਅਰ ਦੂਜੇ ਪੜਾਅ 'ਤੇ ਪੁੱਜ ਕੇ ਦੂਜੇ ਕੂਕੇ ਦੇ ਹਵਾਲੇ ਕਰ ਦਿੰਦਾ ਹੈ। ਖ਼ਾਸ ਡਾਕ ਜ਼ਬਾਨੀ ਹੁੰਦੀ ਹੈ, ਜੋ ਲਿਖੀ ਨਹੀਂ ਜਾਂਦੀ। ਮੇਜ਼ਰ ਪਰਕਿਨਜ਼ ਦੇ ਕਹਿਣ ਅਨੁਸਾਰ ਉਹ ਜਰਨੈਲੀ ਸੜਕ ਛੱਡ ਕੇ ਲੰਮਾਂ ਵਲਾ ਪਾਉਂਦੇ ਤੇ ਲਾਂਭਿਉਂ ਦੀ ਜਾਂਦੇ ਹਨ। ਆਲਿਮ ਜੀ ਦੀ ਲਿਖਤ ਅਨੁਸਾਰ ਸਾਹਿਬ ਸਿੰਘ ਹੀ ਸਤਿਗੁਰੂ ਜੀ ਦੇ ਪ੍ਰਧਾਨ ਸੂਬੇ ਸਨ। ੧੮੬੩ ਈ. ਤੋਂ ੧੮੬੬ ਈ. ਤੱਕ ਸਤਿਗੁਰੂ ਜੀ ਦੇ ਪਾਬੰਦੀ ਕਾਰਨ ਭੈਣੀ ਸਾਹਿਬ ਤੋਂ ਬਾਹਰ ਪ੍ਰਚਾਰ ਦੌਰਿਆਂ ਦਾ ਜ਼ਿਕਰ ਨਹੀਂ ਮਿਲਦਾ।

ਅਕਤੂਬਰ ੧੮੬੭ ਈ. ਦੀ ਸ੍ਰੀ ਅੰਮ੍ਰਿਤਸਰ ਦੀ ਦੀਪਮਾਲਾ ਦੇ ਮੌਕੇ 'ਤੇ ਸਤਿਗੁਰੂ ਜੀ ਮਾਝੇ, ਮਾਲਵੇ, ਦੁਆਬੇ ਬਾਰ ਅਤੇ ਦੜਪ ਦੀ ਸੰਗਤ ਨੂੰ ਦਰਸ਼ਨ ਦੇਣ ਲਈ ਸ੍ਰੀ ਅੰਮ੍ਰਿਤਸਰ ਜਾਣਾ ਚਾਹੁੰਦੇ ਸਨ। ਇਸ ਕਾਰਜ ਲਈ ਸਰਕਾਰ ਨਾਲ ਗੱਲਬਾਤ ਕਰਨ ਲਈ ਆਪ ਨੇ ਦੋ ਸੂਬੇ ਨਿਯੁਕਤ ਕੀਤੇ।"ਬਾਬਾ ਕਾਹਨ ਸਿੰਘ ਤੇ ਬਾਬਾ ਸਾਹਿਬ ਸਿੰਘ ਦੋਵੇਂ ਲਾਹੌਰ ਗਏ। ਜਾਇ ਅਰਜੀ ਦਿੱਤੀ ਕਿ ਦੀਪਮਾਲਾ ਕੀ ਛੁੱਟੀ ਮੰਗਦੇ ਹਾਂ। ਫਰੰਗੀ ਬੋਲਿਆ ਕਿ ਛੁੱਟੀ ਨਾ ਮਿਲੇਗੀ। ਸਿੰਘਾਂ ਨੇ ਕਿਹਾ ਕਿ ਦਰਵੇਸ਼ ਲੋਕ ਹੈਂ ਕਿਸੀ ਕਾ ਹਰਜ ਨਹੀਂ ਕਰਦੇ। ਫਰੰਗੀ ਨੇ ਕਹਾ ਤੁਮ ਦਰਵੇਸ਼ ਨਹੀਂ ਹੈ, ਕੜਾਹ ਪ੍ਰਸ਼ਾਦਿ ਛਕਦੇ ਹੋ, ਲਾਲੀਆਂ ਤੁਹਾਡੇ ਮੂੰਹ ਪਰ ਦਗਦੀਆਂ ਹਨ। ਦਰਵੇਸ਼ਾਂ ਵਾਲਾ ਤੁਹਾਡਾ ਕੋਈ ਕੰਮ ਨਹੀਂ। ਤੁਮਾਰਾ ਤੌਰ ਪਾਤਸ਼ਾਹਾਂ ਵਾਲਾ ਹੈ। ਅਸੀਂ ਧੁਆਨੂੰ ਖੁੱਲ੍ਹੇ ਕਰਕੇ ਆਪਨੇ ਰਾਜ ਸੇ ਹੱਥ ਧੋਇ ਬੈਠੀਏ ਜਾਓ ਛੁੱਟੀ ਨਹੀਂ ਮਿਲੇਗੀ। ਇਹ ਵੱਖਰੀ ਗੱਲ ਹੈ ਕਿ ਜਦੋਂ ਆਨੰਦਪੁਰ

ਸਾਹਿਬ ਦੇ ਪਿਛਲੇ ਹੋਲੇ ਜਿਉਂ ਸਰਕਾਰ ਨੂੰ ਸੂਹ ਮਿਲ ਗਈ ਕਿ ਉਹ ਅੰਮ੍ਰਿਤਸਰ ਪੁੱਜਣ ਲਈ ਬਜ਼ਿਦ ਹਨ- ਭਾਵ ਉਹ ਮਨਾਹੀ ਦੇ ਹੁਕਮਾਂ ਦੀਆਂ ਧੱਜੀਆਂ ਉਡਾਉਣਗੇ ਤਾਂ ਆਪਣਾ ਰੱਖਣ ਲਈ ਛੁੱਟੀ ਦਾ ਪਰਵਾਨਾ ਸ੍ਰੀ ਭੈਣੀ ਸਾਹਿਬ ਭੇਜ ਦਿੱਤਾ ਗਿਆ।

ਸਤਿਗੁਰੂ ਜੀ ਸਾਹਿਬ ਸਿੰਘ ਨੂੰ ਆਪਣੀ ਹਜ਼ੂਰੀ ਵਿਚ ਭਜਨ ਦੇਣ ਦਾ ਹੁਕਮ ਵੀ ਕਰਿਆ ਕਰਦੇ ਸਨ ਅਤੇ ਜਦੋਂ ਮਾਈਆਂ ਸਿੱਖੀ ਧਾਰਨ ਕਰਦੀਆਂ ਸਨ ਤਾਂ ਉਹਨਾਂ ਦੇ ਸਰੀਰ ਤੋਂ, ਮਨਮੱਤ ਦੇ ਪ੍ਰਤੀਕ ਗਹਿਣੇ ਅਦਿਕ ਲੁਹਾਉਣ ਦੀ ਸੇਵਾ ਸਾਹਿਬ ਸਿੰਘ ਦੇ ਜ਼ਿੰਮੇ ਲੱਗਦੀ ਸੀ। ਰਾਜੇ ਜੰਗ (ਲਾਹੌਰ) ਦਾ ਜ਼ਿਕਰ ਬਾਹੋਵਾਲ ਜੀ ਕਰਦੇ ਹਨ, "ਉਸ ਵਕਤ ਜਨਾਨੀਆਂ ਦੇ ਹੱਥੀਂ ਪਹੁੰਚੀਆਂ ਬੱਧੀਆਂ ਹੋਈਆਂ ਦੇਖ ਕੇ ਬਚਨ ਕੀਤਾ—ਲਿਆ ਭਾਈ ਸਾਹਿਬ ਸਿੰਘ ਰੰਬਾ ਪਹੁੰਚੀਆਂ ਵੱਢੀਏ। ਵੱਢ ਕੇ ਬਚਨ ਕੀਤਾ... ਫੇਰ ਨਹੀਂ ਗਹਿਣੇ ਚੂੜੀਆਂ ਆਦਿਕ ਪਹਿਰਨੀਆਂ।" ਸਾਹਿਬ ਸਿੰਘ ਪਰਮਾਰਥ ਬਾਰੇ ਵੀ ਅਕਸਰ ਚਰਚਾ ਸਤਿਗੁਰੂ ਜੀ ਨਾਲ ਕਰਦਾ ਰਹਿੰਦਾ। ਉਸ ਦੀ ਵਾਰਤਾ ਦਾ ਵਿਸ਼ਾ ਸਿੱਖੀ ਸਿਦਕ ਹੀ ਹੁੰਦਾ ਸੀ। ਸੂਬਿਆਂ ਦੇ ਆਪਸੀ ਵਿਵਾਦਾਂ ਦੇ ਨਿਪਟਾਰੇ ਸਮੇਂ ਵੀ ਸਾਹਿਬ ਸਿੰਘ ਦੀ ਹੀ ਯੋਗਤਾ ਪਰਖੀ ਜਾਂਦੀ ਸੀ। ਸਾਹਿਬ ਸਿੰਘ ਆਪਣੀ ਹਾਜ਼ਰ ਜੁਆਬੀ ਵਿਚ ਵੀ ਲਾ ਜੁਆਬ ਸੀ। ਬਾਹੋਵਾਲ ਜੀ ਦੁਆਰਾ ਲਿਖਤ ਇਕ ਹੋਰ ਪ੍ਰਸੰਗ-"ਏਕ ਬ੍ਰਾਹਮਣ ਕਾਂਸ਼ੀ ਥੀਂ ਆਇਆ। ਸਾਰਾ ਦਿਨ ਬੈਠਾ ਦੇਖਦਾ ਰਿਹਾ। ਜੇੜ੍ਹਾ ਸਿੰਘ ਮਦਾਨੇ ਜਾਵੇ ਸਾਰੇ ਬਸਤ ਕੱਪੜੇ ਉਤਾਰ ਕੇ ਜਾਵੇ। ਆਇਕੇ ਸਣ ਕੇਸੀਂ ਇਸ਼ਨਾਨ ਕਰਨਾ। ਜੇੜ੍ਹਾ ਪਰਨਾ ਨਾਲ ਲਜਾਵਣਾ ਸੋ ਧੋਇ ਲੈਣਾ। ਬ੍ਰਾਹਮਣ ਨੇ ਕਹਾ ਬ੍ਰਾਹਮਣਾਂ ਕੇ ਕਰਮ ਸ਼ੂਦਰ ਵੈਸ਼ ਕਰਦੇ ਹੈਨ। ਬਾਬੇ ਸਾਹਿਬ ਸਿੰਘ ਬੋਲ ਕੀਤਾ, "ਪੰਡਿਤ ਜੀ! ਤੁਸੀਂ ਗੁੱਸਾ ਕਿਉਂ ਕਰਦੇ ਹੋ ? ਅਸੀਂ ਇਹ ਮਰਯਾਦਾ ਜ਼ੋਰ ਨਾਲ ਨਹੀਂ ਲਈ ਹੈ। ਅਸੀਂ ਤਾਂ ਡਿੱਗੀ ਪਈ ਚੁੱਕੀ ਹੈ। ਨਿਰਾਦਰ ਹੁੰਦਾ ਦੇਖ ਕੇ ਅਸੀਂ ਆਦਰ ਕੀਤਾ ਹੈ। ਪੰਡਿਤ ਨੂੰ ਕੋਈ ਉੱਤਰ ਨਾ ਆਇਆ।"

ਸਾਹਿਬ ਸਿੰਘ ਪੰਜਾਬੀ ਲੋਕ ਸੱਭਿਆਚਾਰ ਤੋਂ ਵੀ ਭਲੀ ਭਾਂਤ ਪਰਿਚਿਤ ਸੀ। ਮਲੂਮ ਹੁੰਦਾ ਹੈ ਕਿ ਉਹ ਹੀਰ ਰਾਂਝੇ ਦੇ ਕਿੱਸੇ ਵਿਚ ਵੀ ਦਿਲਚਸਪੀ ਰੱਖਦਾ ਸੀ। ਇਹ ਉਸਦੇ ਅਤੀ ਰੁਝੇਵਿਆਂ ਭਰੇ ਜੀਵਨ ਦਾ ਕੋਮਲ ਪੱਖ ਵੀ ਸੀ ਇਸੇ ਲਈ ਉਹਨੇ ਆਪਣੇ ਮਨ ਦੀ ਜਗਿਆਸਾ ਸਤਿਗੁਰੂ ਜੀ ਨਾਲ ਸਾਂਝੀ ਕੀਤੀ- ਬਾਬੇ ਸਾਹਿਬ ਸਿੰਘ ਨੇ ਅਰਜ਼ ਕੀਤੀ ਜੀ ਲੋਕ ਹੀਰ ਰਾਂਝਾ ਬਹੁਤ ਪੜ੍ਹਦੇ ਸੁਣਦੇ ਹੈਂ। ਦੀਨਾ ਨਾਥ ਜੀ ਬਚਨ ਕੀਤੇ ਉਨ੍ਹਾਂ ਦੀ ਸੱਚੀ ਆਸ਼ਕੀ ਸੀ। ਉਹਨਾਂ ਵਰਗਾ ਕਲੂ ਕਾਲ ਵਿਚ ਕੋਈ ਨਹੀਂ ਹੈ ਪਰ ਤੁਸੀਂ ਬਾਣੀ ਹੀ ਪੜ੍ਹੋ।" ਸੂਰਜ ਪ੍ਰਕਾਸ਼ ਵਿਚ ਕਥਾ ਆਉਂਦੀ ਹੈ ਕਿ ਦਸਵੇਂ ਪਾਤਸ਼ਾਹ ਨੇ ਇਕ ਵੇਰ, ਇਕ ਆਜੜੀ ਜੋ ਰਾਤ ਸੱਸੀ ਗਾਉਂਦਾ ਸੀ, ਆਪਣੀ ਮੌਜ ਵਿਚ, ਉਸਨੂੰ ਦਿਨੇ ਪਾਸ ਬੁਲਾਕੇ ਫਿਰ ਸੱਸੀ ਸੁਣੀ। ਸਿੱਖਾਂ ਦੇ ਕੱਚੀ ਬਾਣੀ ਵਾਲੀ ਸ਼ੰਕਾ ਕਰਨ ਤੇ ਕਿਹਾ ਕਿ ਜਿਸ ਧਰਤੀ ਵਿਚ ਉਂਗਲ ਨਹੀਂ ਗੱਡੀ ਜਾ ਸਕਦੀ, ਸੱਸੀ ਆਪਣੇ ਪ੍ਰੇਮ ਖਾਤਰ ਉਸ ਧਰਤੀ ਵਿਚ ਸਮਾ ਗਈ ਸੀ।

ਸੂਬਾ ਸਾਹਿਬ ਸਿੰਘ ਵੀ ਦੇਸ਼ ਪ੍ਰੇਮ ਦਾ ਐਸਾ ਮਤਵਾਲਾ ਸੀ ਜਿਹਨੂੰ ਆਪਣੇ ਸਤਿਗੁਰੂ ਤੋਂ ਇਹ ਦਾਤ ਮਿਲੀ ਸੀ। ਆਪਣੇ ਸਤਿਗੁਰੂ ਦੇ ਡੇਰੇ ਵਿਚ ਭਾਵੇਂ ਉਹ ਪਸ਼ੂਆਂ ਦਾ ਛੇੜੂ ਬਣਕੇ ਆਇਆ ਸੀ, ਪਰ ਸਤਿਗੁਰੂ ਜੀ ਦੀ ਪਾਰਖੂ ਅੱਖ ਨੇ ਉਸ ਵਿਚਲੇ ਲੀਡਰਸ਼ਿੱਪ ਦੇ ਗੁਣਾਂ ਨੂੰ ਭਾਂਪ ਲਿਆ ਸੀ ਅਤੇ ਉਹ ਕੂਕਾ ਜਥੇਬੰਦੀ ਦਾ ਸਤਿਗੁਰੂ ਜੀ ਤੋਂ ਉੱਤਰ ਕੇ ਇਕ ਮੁੱਖ ਧੁਰਾ ਬਣ ਗਿਆ ਸੀ। ਉਹ ਛੋਟੇ ਵੱਡੇ ਸਮਾਗਮਾਂ ਵਿਚ ਦੀਵਾਨ ਸਥਾਨ ਦੀ ਤਿਆਰੀ ਦਾ ਵੀ ਜ਼ਿੰਮੇਵਾਰ ਹੁੰਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ ਵਿਚ ਦਰਜ ਹੈ "ਦੀਵਾਨ ਦਾ ਮੈਦਾਨ, ਬਾਬਾ ਸਾਹਿਬ ਸਿੰਘ ਜੀ ਸੂਬੇ ਲਵਾਉਂਦੇ ਹੁੰਦੇ... ਸੋਟੀ ਲੈ ਲੈਣੀ ਜਾ ਕੇ ਗੋਲ ਚੱਕਰ ਬਣਾਉਣਾ ਬਹੁਤ ਵੱਡਾ।"

ਸਾਹਿਬ ਸਿੰਘ ਨਾਮਧਾਰੀ ਸਿੰਘਾਂ ਦਾ ਡਰਿਲ ਇੰਸਟਰਕਟਰ ਵੀ ਸੀ ਭਾਵ ਉਹਨਾਂ ਨੂੰ ਕਵਾਇਦ ਵੀ ਕਰਵਾਉਂਦਾ ਸੀ। ਕੈਪਟਨ ਮਿੱਲਰ ਦਾ ਭੇਜਿਆ ਹੋਇਆ ਇਕ ਗੇਂਦਾ ਸਿੰਘ ਨਾਂ ਦਾ ਜਸੂਸ ਜੂਨ ੧੮੬੩ ਈ. ਵਿਚ ਭੈਣੀ ਸਾਹਿਬ ਪੁੱਜਦਾ ਹੈ ਅਤੇ ਉਹ ਦੱਸਦਾ ਹੈ ਕਿ ਰਾਤ ਦੇ ਸਮੇਂ ਢੋਲ ਵੱਜਣ ਬਾਅਦ, ਪੰਜਾਹ ਕੂਕਿਆਂ ਨੂੰ ਸਾਹਿਬ ਸਿੰਘ ਨੇ ਲਾਠੀਆਂ ਨਾਲ ਕਵਾਇਦ ਕਰਵਾਈ। ਉਸ ਨੂੰ ਸਾਹਿਬ ਸਿੰਘ ਨੇ ਭਜਨ ਦੱਸ ਕੇ ਕੂਕਿਆਂ ਵਿਚ ਸ਼ਾਮਲ ਵੀ ਕਰ ਲਿਆ। ਫਿਰ ਜਦੋਂ ਗੇਂਦਾ ਸਿੰਘ ਸਾਹਿਬ ਸਿੰਘ ਪਾਸ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਇੱਛਿਆ ਪ੍ਰਗਟ ਕਰਦਾ ਹੈ ਤਾਂ ਸਾਹਿਬ ਸਿੰਘ ਉਹਨੂੰ ਦੋ ਭਵਿੱਖਤ ਵਾਕਾਂ 'ਤੇ ਆਧਾਰਿਤ ਪੱਤਰ, ਸ੍ਰੀ ਸਤਿਗੁਰੂ ਜੀ ਨੂੰ ਦੇਣ ਲਈ ਦਿੰਦਾ ਹੈ ਜਿਹਨਾਂ ਵਿਚ ਸਰਕਾਰ ਵਿਰੁੱਧ ਬਹੁਤ ਸਾਰਾ ਗੁੱਸਾ ਅਤੇ ਨਫਰਤ ਹੈ। ਪ੍ਰੰਤੂ ਆਲਿਮ ਜੀ ਦਾ ਮੱਤ ਹੈ ਕਿ ਸੂਬਾ ਸਾਹਿਬ ਸਿੰਘ ਵਰਗਾ ਸੁਘੜ ਤੇ ਨੀਤੀ ਨਿਪੁੰਨ ਵਿਅਕਤੀ, ਇਸ ਤਰ੍ਹਾਂ ਦੇ ਬਗਾਵਤੀ ਭਾਸ਼ਾ ਵਾਲੇ ਪੱਤਰ, ਕਿਸੇ ਓਬੜ ਬੰਦੇ ਦੇ ਹੱਥ ਨਹੀਂ ਸੀ ਦੇ ਸਕਦਾ। ਦਰਅਸਲ ਸਰਕਾਰੀ ਅਧਿਕਾਰੀ ਖੋਟਿਆਂ ਦੇ ਅਨੰਦ ਕਾਰਜਾਂ ਤੋਂ ਬਾਅਦ, ਸਤਿਗੁਰੂ ਜੀ ਦੀ ਨਜ਼ਰਬੰਦੀ

ਸਮੇਂ, ਕੂਕਿਆਂ ਵੱਲੋਂ ਮੜ੍ਹੀਆਂ-ਮਸਾਣਾਂ, ਕਬਰਾਂ-ਖਾਨਗਾਹਾਂ ਆਦਿ ਦੀ ਭੰਨ ਤੋੜ ਕਰਨ ਦੀ ਤਹਿਰੀਕ ਨੂੰ, ਧਾਰਮਕ ਦੀ ਬਜਾਏ ਸਿਆਸੀ ਸਿੱਧ ਕਰਨ ਲੱਗ ਪਏ ਸਨ।

ਖਾਲਸਾ ਰਾਜ ਦੀ ਪੁਨਰ ਸੁਰਜੀਤੀ ਜਾਂ ਪੰਜਾਬ ਵਿਚ ਸੁਤੰਤਰ ਰਾਜ ਦਾ ਨਿਰਮਾਣ, ਕੂਕਿਆਂ ਦਾ ਮਨੋਰਥ ਸਮਝ ਕੇ, ਸਰਕਾਰ ਸਤਿਗੁਰੂ ਜੀ ਤੇ ਸੂਬਿਆਂ ਤੇ ਹੱਥ ਪਾਉਣ ਲਈ ਬਹਾਨੇ ਘੜੀ ਜਾ ਰਹੀ ਸੀ। ਛੇਤੀ ਹੀ ਸਤਿਗੁਰੂ ਜੀ ਅਤੇ ੨੨ ਸੂਬਿਆਂ ਤੇ ਨਜ਼ਰਬੰਦੀ ਦੇ ਹੁਕਮ ਆਇਦ ਕਰ ਦਿੱਤੇ ਗਏ ਸਨ। ਪਰ ਉਹਨਾਂ ਨੇ ਜਦੋਂ ਵੀ ਸਰਕਾਰ ਨੂੰ ਝਟਕਾ ਦੇਣਾ ਹੁੰਦਾ, ਮਨਾਹੀ ਦੇ ਹੁਕਮ ਰੱਦ ਕਰਕੇ, ਸ੍ਰੀ ਅੰਮ੍ਰਿਤਸਰ ਜਾਂ ਅਨੰਦਪੁਰ ਸਾਹਿਬ ਦੇ ਪੁਰਬਾਂ ਦੇ ਸਮੇਂ, ਉੱਧਰ ਵਹੀਰਾਂ ਘੱਤ ਦਿੰਦੇ ਸਨ।ਦੇਸ਼ ਆਜ਼ਾਦੀ ਲਈ ਨਾਮਧਾਰੀ ਦਰਬਾਰ ਨੇ ਸਤਿਗੁਰੂ ਜੀ ਦੇ ਆਦੇਸ਼ ਮੁਤਾਬਿਕ ਵਿਆਪਕ ਵਿਊਹ ਰਚਨਾ ਵੀ ਕੀਤੀ ਸੀ। ਬਦੇਸ਼ੀ ਗੁਆਂਢੀ ਸ਼ਕਤੀਆਂ ਅਤੇ ਦੇਸ਼ ਵਿਚਲੀਆਂ ਗਵਾਲੀਅਰ, ਲਖਨਊ, ਬਨਾਰਸ ਆਦਿ ਰਿਆਸਤਾਂ ਨਾਲ ਵੀ ਸੰਬੰਧ ਕਾਇਮ ਕੀਤੇ ਜਾ ਰਹੇ ਸਨ। ਜੰਮੂ ਕਸ਼ਮੀਰ ਵਿਚ ਹੀਰਾ ਸਿੰਘ ਸਢੌਰਾ ਦੀ ਅਗਵਾਈ ਹੇਠ ਕੂਕਾ ' ਰੈਜੀਮੈਂਟ ਖੜ੍ਹੀ ਕਰਨ ਬਾਅਦ, ਹੁਣ ਨੇਪਾਲ ਨਾਲ ਕੂਟਨੀਤਕ ਸੰਬੰਧਾਂ ਦੇ ਯਤਨ ਅਰੰਭੇ ਗਏ। ਕੁਝ ਲਾਹੌਰ ਦਰਬਾਰ ਦੇ ਪੁਰਾਣੇ ਸੈਨਿਕ ਵੀ ਨੇਪਾਲ ਦੀ ਰਾਣਾ ਜੰਗ ਬਹਾਦਰ ਦੀ ਸਰਕਾਰ ਵਿਚ ਫੌਜੀ ਮੁਲਾਜ਼ਮ ਸਨ। ਨੇਪਾਲ ਦਾ ਰਾਣਾ ਜੰਗ ਬਹਾਦਰ ਏਸ਼ੀਆ ਦੇ ਇਸ ਖਿੱਤੇ ਵਿਚ ਵਧਦੇ ਬ੍ਰਿਟਿਸ਼ ਪ੍ਰਭਾਵ ਤੋਂ ਚਿੰਤਤ ਵੀ ਸੀ ਪਰ ਸ਼ਕਤੀਸ਼ਾਲੀ ਸਾਮਰਾਜ ਦੇ ਮੁਕਾਬਲੇ ਲਈ ਮਜ਼ਬੂਤ ਧਿਰ ਦੀ ਅਣਹੋਂਦ ਵਿਚ ਉਹ ਆਪਣੇ ਦੇਸ਼ ਜਾਂ ਕੌਮ ਨੂੰ ਬਲੀ ਦਾ ਬੱਕਰਾ ਵੀ ਨਹੀਂ ਸੀ ਬਨਾਉਣਾ ਚਾਹੁੰਦਾ। ਸੰਨ ੧੮੫੭ ਈ. ਦੇ ਸੁਤੰਤਰਤਾ ਸੰਗਰਾਮ ਵਿਚ ਭਾਰਤੀ ਗ਼ਦਰੀਆਂ ਦੀ ਮੱਦਦ ਲਈ ਉਸ ਆਪਣੀ ਸੈਨਾ ਤੋਰ ਦਿੱਤੀ ਸੀ, ਪਰ ਜਦੋਂ ਉਸਨੂੰ ਮਲੂਮ ਹੋਇਆ ਕਿ ਅੰਗਰੇਜ਼ਾਂ ਵਿਰੁੱਧ ਸਾਰਾ ਦੇਸ਼ ਇਕ ਜੁੱਟ ਨਹੀਂ ਹੋਇਆ ਅਤੇ ਗ਼ਦਰੀਆਂ ਦੇ ਪੈਰ ਉੱਖੜਨੇ ਸ਼ੁਰੂ ਹੋ ਗਏ ਹਨ, ਤਾਂ ਉਸਨੇ ਲਖਨਊ ਤੋਂ ਆਪਣੀ ਸੈਨਾ ਵਾਪਸ ਨੇਪਾਲ ਮੰਗਵਾ ਲਈ ਸੀ।

ਗ੍ਰੰਥ ਗੜ੍ਹ (ਅੰਮ੍ਰਿਤਸਰ) ਦੇ ਕੂਕੇ ਕਿਸ਼ਨ ਸਿੰਘ, (ਕਈ ਥਾਵਾਂ ਤੇ ਉਸਦਾ ਨਾਮ ਹਰੀ ਸਿੰਘ ਵੀ ਲਿਖਿਆ ਹੈ) ਰਾਹੀਂ ਰਾਣਾ ਨੂੰ ਪੰਜਾਬ ਵਿਚ ਕੂਕਾ ਅੰਦੋਲਨ ਦੇ ਰਾਜਸੀ ਨਿਸ਼ਾਨਿਆਂ ਦੇ ਪ੍ਰਫੁੱਲਤ ਹੋਣ ਦੀ ਸੂਹ ਮਿਲੀ। ਕਿਸ਼ਨ ਸਿੰਘ ਹੋਰਾਂ ਸਤਿਗੁਰੂ ਰਾਮ ਸਿੰਘ ਤੱਕ ਰਾਣੇ ਦੀ ਬੇਨਤੀ ਪੁਚਾਈ ਕਿ ਇੱਥੇ ਆ ਕੇ ਦਰਸ਼ਨ ਦਿਉ। ਸੋ ਸਤਿਗੁਰੂ ਜੀ ਨੇ ਰਾਣੇ ਦੀ ਬੇਨਤੀ 'ਤੇ ਆਪਣੇ ਦੋ ਖ਼ਾਸ ਸੂਬਿਆਂ ਕਾਹਨ ਸਿੰਘ ਨਿਹੰਗ ਅਤੇ ਸਾਹਿਬ ਸਿੰਘ ਨੂੰ ੧੮੭੦-੭੧ ਈ. ਦੀਆਂ ਸਰਦੀਆਂ ਵਿਚ ਨੇਪਾਲ ਭੇਜਿਆ। ਦੋਹਾਂ ਪਾਸਿਆਂ ਤੋਂ ਕੁਝ ਕੀਮਤੀ ਤੋਹਫਿਆਂ ਦਾ ਆਦਾਨ ਪ੍ਰਦਾਨ ਵੀ ਹੋਇਆ। ਸਿਆਸੀ ਮਹੱਤਵ ਦਾ ਵਿਚਾਰ ਵਟਾਂਦਰਾ ਵੀ ਹੋਇਆ। ਸਤਿਗੁਰੂ ਜੀ ਦੇ ਨਾਮ ਨੇਪਾਲ ਨਰੇਸ਼ ਨੇ, ਕੂਕਾ ਗੋਰਖਾ ਸੰਬੰਧਾਂ ਨੂੰ, ਜਿਹੜੇ ਸਿੱਖ ਰਾਜ ਵੇਲੇ ਤੋਂ ਹੀ ਚੱਲੇ ਆ ਰਹੇ ਸਨ ਹੋਰ ਗਾਢ ਕਰਨ ਲਈ ਇਕ ਸ਼ਾਹੀ ਮੁਰਾਸਲਾ ਵੀ ਭੇਜਿਆ। ਪਰ ਜਦੋਂ ਕਾਸ਼ੀ ਨਰੇਸ਼ ਸ਼ਿਵਰਾਜ ਸਿੰਘ ਰਾਹੀਂ ਅੰਗਰੇਜ਼ ਸਰਕਾਰ ਨੇ ਨੇਪਾਲ ਵਿਚਲੀਆਂ ਕੂਕਾ ਸਰਗਰਮੀਆਂ ਦੀ ਸੂਹ ਕੱਢਣੀ ਚਾਹੀ ਤਾਂ ਆਪਣੇ ਚਰਿੱਤਰ ਦੇ ਦੋਹਰੇ ਸੁਭਾਉ ਕਾਰਨ ਰਾਣਾ ਜੰਗ ਬਹਾਦਰ ਘਬਰਾ ਗਿਆ ਅਤੇ ਉਸਨੇ ਅੰਗਰੇਜ਼ਾਂ ਤੋਂ ਇਹ ਕਹਿਕੇ ਜਾਨ ਛੁਡਾਈ ਕਿ ਕੂਕੇ ਨੇਪਾਲ ਦਰਬਾਰ ਦੀ ਸੈਨਾ ਵਿਚ ਭਰਤੀ ਹੋਣ ਦੇ ਮੌਕੇ ਤਲਾਸ਼ਣ ਆਏ ਸਨ ਪਰ ਅਸੀਂ ਜੁਆਬ ਦੇ ਦਿੱਤਾ ਹੈ ਕਿ ਅਸੀਂ ਗੋਰਖਿਆਂ ਤੋਂ ਬਿਨਾਂ ਕਿਸੇ ਹੋਰ ਕੌਮ ਨੂੰ ਆਪਣੀ ਸੈਨਾ ਵਿਚ ਨਹੀਂ ਰੱਖਦੇ। ਉਂਝ ਕਾਠਮੰਡੂ ਦੇ ਅੰਗਰੇਜ਼ ਰੈਜ਼ੀਡੈਂਟ ਨੂੰ ਰਾਣੇ ਨੇ ਉਸਦੀ ਪੁੱਛਗਿੱਛ ਬਾਅਦ ਦੱਸ ਦਿੱਤਾ ਕਿ ਪੰਜਾਬ ਵਿਚ ਹੁਣੇ ਬਣੇ ਇਸ ਨਵੇਂ ਮੱਤ ਵਿਚ ਤਿੰਨ ਲੱਖ ਅਨੁਆਈ ਆਪਣੇ ਗੁਰੂ ਵਿਚ ਪੱਕਾ ਭਰੋਸਾ ਰੱਖਦੇ ਹਨ ਅਤੇ ਉਸਦੇ ਹੁਕਮ ਤੇ ਕੁਝ ਵੀ ਚੰਗਾ ਜਾਂ ਮਾੜਾ ਕਰਨ ਲਈ ਤਤਪਰ ਹਨ- ਇਸ ਲਈ ਜੇ ਸਰਕਾਰ ਅੰਗਰੇਜ਼ੀ ਨੇ ਉਹਨਾਂ ਦਾ ਪੂਰਾ ਧਿਆਨ ਨਾ ਰੱਖਿਆ ਤਾਂ ਉਹ ਸਰਕਾਰ ਲਈ ਕਿਸੇ ਵੇਲੇ ਵੀ ਮੁਸੀਬਤ ਖੜ੍ਹੀ ਕਰ ਸਕਦੇ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਸ੍ਰੀ ਸਤਿਗੁਰੂ ਜੀ ਦੇ ਵਿਸ਼ੇਸ਼ ਏਲਚੀ, ਵਿਦੇਸ਼ ਮੰਤਰੀ ਜਾਂ ਰਾਜਦੂਤ ਦੇ ਤੌਰ 'ਤੇ ਸਾਹਿਬ ਸਿੰਘ ਹੋਰਾਂ ਨੇ ਆਪਣੀ ਲਹਿਰ ਦੇ ਮੰਤਵ ਨੂੰ, ਨੇਪਾਲ ਨਰੇਸ਼ ਪਾਸ ਪੂਰੀ ਸਪੱਸ਼ਟਤਾ ਨਾਲ ਪੇਸ਼ ਕੀਤਾ।

ਸਤਿਗੁਰਾਂ ਦੇ ਵਿਸ਼ਵਾਸਪਾਤਰ ਸੂਬੇ ਹੋਣ ਦੇ ਅਨੇਕਾਂ ਪ੍ਰਮਾਣਾਂ ਵਿਚੋਂ ਇਕ ਜ਼ਿਕਰ ਫਿਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚੋਂ ਮਿਲਦਾ ਹੈ। ਪੁਰਾਣੇ ਸਮਿਆਂ ਵਿਚ ਸਿਆਣੇ ਲੋਕ ਕਾਲ ਸੁਕਾਲ ਆਦਿ ਬਿਪਤਾ ਵੇਲੇ ਲਈ, ਕੁਝ ਮਾਇਆ ਨੱਪ ਛੱਡਦੇ ਸਨ। ਰੁਪਈਏ ਚਾਂਦੀ ਦੇ ਹੁੰਦੇ ਸਨ। ਉਹ ਖ਼ਰਾਬ ਨਹੀਂ ਸਨ ਹੁੰਦੇ। ਸਤਿਗੁਰੂ ਰਾਮ ਸਿੰਘ ਜੀ ਨੇ ਵੀ ਇਸੇ ਮਕਸਦ ਹਿੱਤ- "ਉਹ ਮਾਇਆ ਦੀ ਗਾਗਰ, ਬਾਬੇ ਸਾਹਿਬ ਸਿੰਘ ਜੀ, ਮਹੰਤ ਗੁਰਦਿੱਤ ਸਿੰਘ ਜੀ ਤੇ ਗੁਰੂ ਹਰੀ ਸਿੰਘ ਜੀ ਨੂੰ ਨਾਲ ਲੈ ਕੇ ਤਬੇਲੇ 'ਚ ਦੱਬੀ। ਗੁਰੂ ਹਰੀ ਸਿੰਘ ਜੀ ਕਹਿੰਦੇ, "ਜਿੱਦਣ ਉਹ ਮਾਇਆ ਕੱਢਕੇ ਵਰਤੀ, ਫੇਰ ਅਸੀਂ ਆਖਿਆ, ਹੁਣ ਸੱਚੇ ਪਾਤਸ਼ਾਹ ਕਿਵੇਂ ਬਣੇਗੀ ਖੇਡ? ਫੇਰ ਪਤਾ ਨਹੀਂ ਕਿਧਰੋਂ ਆਉਂਦੀ ਗਈ, ਸਾਨੂੰ ਨਹੀਂ ਫਿਰ ਪਤਾ

ਲੱਗਿਆ, ਸਤਿਗੁਰਾਂ ਨੇ ਕਿਸ ਤਰ੍ਹਾਂ ਲੰਗਰ ਚਲਾਇਆ।"

ਨਾਮਧਾਰੀ ਪੰਥ ਦੀ ਨੀਂਹ ਸਤਿਗੁਰੂ ਜੀ ਨੇ ਸਬਰ, ਸਿਦਕ, ਸੰਤੋਖ ਆਦਿ ਮਾਨਵੀ ਕਦਰਾਂ ਕੀਮਤਾਂ ਦੇ ਆਧਾਰ 'ਤੇ ਰੱਖੀ ਸੀ। ਇਹਨਾਂ ਗੁਣਾਂ ਵਿਚ ਸਾਹਿਬ ਸਿੰਘ ਹੋਰਾਂ ਸਮੇਤ ਸਾਰੇ ਸੂਬੇ ਜਾਂ ਉਸ ਵਕਤ ਦੇ ਆਮ ਸਿੱਖ ਸਾਧ ਪਰਪੱਕ ਸਨ। ਐਸਾ ਹੀ ਇਕ ਪ੍ਰਸੰਗ ਸਤਿਗੁਰੂ ਪਰਤਾਪ ਸਿੰਘ ਵਰਣਨ ਕਰਦੇ ਹਨ ਜਿਸ ਨਾਲ ਅਨਮਤੀ ਵੀ ਨਾਮਧਾਰੀਆਂ ਵੱਲ ਖਿੱਚੇ ਤੁਰੇ ਆਉਂਦੇ ਸਨ- "ਇਹ ਸੰਤੋਖ- ਮੈਂ ਅਰਜ਼ ਕਰਾਂ- ਕੀ ਸਤਿਗੁਰੂ ਰਾਮ ਸਿੰਘ ਨੇ ਬਣਾਇਆ ਸੀ। ਮਠੱਡੇ ਪਿੰਡ ਵਿਚ ਸੱਚੇ ਪਾਤਸ਼ਾਹ ਗਏ, ਧਰਮਸ਼ਾਲਾ ਵਿਚ ਬੈਠੇ ਹਨ। ਇਕ ਸਿੱਖ ਦੁੱਧ ਦਾ ਛੰਨਾ ਲੈਕੇ ਆਇਆ, ਸਤਿਗੁਰਾਂ ਨੂੰ ਦਿੱਤਾ। ਸਤਿਗੁਰਾਂ ਬਾਬੇ ਸਾਹਿਬ ਸਿੰਘ ਹੁਰਾਂ ਨੂੰ ਫੜਾਇਆ, ਉਹਨਾਂ ਲੱਖਾ ਸਿੰਘ ਹੁਰਾਂ ਨੂੰ ਫੜਾਇਆ, ਬਾਬੇ ਜਵਾਹਰ ਸਿੰਘ ਹੁਰਾਂ ਨੂੰ। ਜਿਉਂ ਘੁੰਮਣ ਲੱਗਾ ਛੰਨਾ, ਇਕ ਦੂਏ ਨੂੰ ਦੇਵੇ, ਦੂਆ ਦੂਏ ਨੂੰ ਦੇਵੇ, ਮੁੜਕੇ ਸਤਿਗੁਰਾਂ ਕੋਲ ਆ ਗਿਆ। ਦੋ ਸਰੀਰ ਆਏ ਹੋਏ ਸੀ- ਵਿਚ, ਨਾਮਧਾਰੀ ਨਹੀਂ ਸਨ, ਜਿਨ੍ਹਾਂ ਨੇ ਭਜਨ ਪੁੱਛ ਲਿਆ। ਉਹਨਾਂ ਆਖਿਆ- ਏਨਾ ਸੰਤੋਖ ਹੈ। ਤੇ ਹੁਣ ਆਪਾਂ ਇਕ ਦੂਏ ਦੇ ਲੀੜੇ ਲਾਹੁਣ ਨੂੰ ਤਿਆਰ ਹੁੰਦੇ ਹਾਂ ਤੇ ਫਿਰ ਨਾਮਧਾਰੀ ਕਹਾਉਂਦੇ ਹਾਂ।"

ਅੰਗਰੇਜ਼ਾਂ ਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਤਹਿਤ ਪੰਜਾਬ ਵਿਚ ਗਊ ਬੱਧ ਲਈ ਬੁੱਚੜਖਾਨਿਆਂ ਦੀ ਮਨਜ਼ੂਰੀ ਦੇ ਦਿੱਤੀ। ਸਤਿਗੁਰੂ ਜੀ ਦਾ ਮਾਰਗ ਤਾਂ ਮਾਲਾ ਫੇਰਨ ਵਾਲਾ ਸੀ ਪਰ ਕੁਝ ਸਿੰਘਾਂ ਦਾ ਖਾਲਸਈ ਜੋਸ਼ ਉਬਾਲੇ ਮਾਰ ਉੱਠਿਆ। ਨਤੀਜੇ ਵਜੋਂ ਅੰਮ੍ਰਿਤਸਰ ਰਾਇਕੋਟ ਆਦਿ ਥਾਂਵਾਂ 'ਤੇ ਨਾਮਧਾਰੀ ਸਿੰਘ ੧੮੭੧ ਈ. ਦੇ ਅਗਸਤ ਸਿਤੰਬਰ ਮਹੀਨਿਆਂ ਵਿਚ ਫਾਂਸੀ ਲਾਕੇ ਸ਼ਹੀਦ ਕਰ ਦਿੱਤੇ ਗਏ। ਰਾਇਕੋਟ ਕਤਲਾਂ ਦੇ ਬਹਾਨੇ ਨਿਰਦੋਸ਼ ਸੂਬਿਆਂ ਗਿਆਨੀ ਸਿੰਘ ਉਰਫ ਰਤਨ ਸਿੰਘ ਮੰਡੀਕਲਾਂ ਅਤੇ ਰਤਨ ਸਿੰਘ ਨਾਈਵਾਲਾ (ਕਰਤਾਰਗੜ੍ਹ) ਨੂੰ ਨਵੰਬਰ ੧੮੭੧ ਈ. ਵਿਚ ਲੁਧਿਆਣੇ ਫਾਂਸੀ ਲਾਕੇ ਸ਼ਹੀਦ ਕਰ ਦਿੱਤਾ। ਰਾਇਕੋਟ ਕਾਂਡ ਵਿਚ ਸਰਕਾਰ ਨੇ ਸਤਿਗੁਰੂ ਜੀ ਨੂੰ ਫਸਾਉਣ ਦੀ ਪੂਰੀ ਵਾਹ ਲਾਈ, ਪਰ ਪੁਖਤਾ ਸਬੂਤ ਨਾ ਮਿਲਣ ਕਾਰਨ, ਕੇਸ ਸਿਰੇ ਨਾ ਚੜ੍ਹਨ ਦੀ ਨਮੋਸ਼ੀ ਦੇ ਡਰੋਂ ਚੁੱਪ ਕਰ ਰਹੇ। ਸਤਿਗੁਰੂ ਜੀ ਨੂੰ ਸਰਕਾਰ ਵਲੋਂ ਰੋਜ਼ ਰੋਜ਼ ਦੀਆਂ ਪਰੇਸ਼ਾਨੀਆਂ ਪੈਦਾ ਕਰਨ ਤੋਂ ਭਾਈ ਹੀਰਾ ਸਿੰਘ ਲਹਿਣਾ ਸਿੰਘ ਸਕਰੌਦੀ ਵਾਲਿਆਂ ਨੇ ਇਕ ਮਸਤਾਨਾ ਦਲ ਜਾਂ ਸ਼ਹੀਦੀ ਜੱਥਾ ਤਿਆਰ ਕਰਕੇ ਮਰਨਾ ਮੁੰਡ ਲਿਆ ਸੀ। ਮਲੇਰਕੋਟਲੇ ਵਿਚ ਇਕ ਗੁਰਮੁਖ ਸਿੰਘ ਨਾਮੀ ਸਿੱਖ ਸਾਹਵੇਂ ਉਸਨੂੰ ਬੈਲ ਜ਼ਿਬਾਹ ਕਰਕੇ ਅਪਮਾਨਿਤ ਕਰਨ ਦੀ ਘਟਨਾ ਨੇ ਵੀ ਬਲਦੀ 'ਤੇ ਤੇਲ ਪਾ ਦਿੱਤਾ ਸੀ।

ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬੇ ਮਾਰਚ ਅਪ੍ਰੈਲ ੧੮੭੨ ਈ. ਵਿਚ ਇਕ ਸਮੇਂ ਸਰਕਾਰ ਦੇ ਖਿਲਾਫ ਵਿਆਪਕ ਵਿਦਰੋਹ ਦੀ ਯੋਜਨਾ ਬਣਾ ਰਹੇ ਸਨ। ਮਸਤਾਨਿਆਂ ਦੇ ਭਾਰੀ ਗਿਣਤੀ ਵਿਚ ਜਨਵਰੀ ੧੮੭੨ ਈ. ਨੂੰ ਮਾਘੀ ਦੇ ਮੇਲੇ ਤੇ ਭੈਣੀ ਸਾਹਿਬ ਇਕੱਠੇ ਹੋ ਕੇ, ਮਲੇਰਕੋਟਲੇ 'ਤੇ ਧਾਵਾ ਬੋਲਣ ਦੀ ਕਾਰਵਾਈ ਨੂੰ, ਸਤਿਗੁਰੂ ਜੀ ਨੇ ਵੱਡੀ ਯੋਜਨਾ ਦੀ ਅਸਫਲਤਾ ਨਿਸ਼ਚਿਤ ਜਾਣ ਕੇ, ਉਹਨਾਂ ਸਿੰਘਾਂ ਨੂੰ ਹਾਲ ਦੀ ਘੜੀ ਸ਼ਸਤਰ ਨਾ ਚੁੱਕਣ ਲਈ ਖ਼ੁਦ ਵੀ ਕਿਹਾ। ਇਸ ਅਤੀ ਮਹੱਤਵਪੂਰਨ ਕਾਰਜ ਲਈ ਸੂਬਾ ਸਾਹਿਬ ਸਿੰਘ ਜੀ ਨੂੰ ਵੀ ਨਿਯੁਕਤ ਕੀਤਾ ਗਿਆ। ਇਸ ਤੋਂ ਪਹਿਲਾਂ ਸੂਬੇ ਲੱਖਾ ਸਿੰਘ ਨੂੰ ਮਸਤਾਨਿਆਂ ਨੇ ਇਹ ਕਹਿ ਕੇ ਵਾਪਸ ਮੋੜ ਦਿੱਤਾ ਸੀ "ਧੁਆਨੂੰ ਹੋਏਗੀ ਜਗੀਰਾਂ ਦੀ ਲੋੜ।" ਪਤਾ ਤੇ ਸਾਹਿਬ ਸਿੰਘ ਨੂੰ ਵੀ ਸੀ ਕਿ ਖਾਲਸਾ ਚੌਥੇ ਪਦ ਵਿਚ ਖੇਡ ਰਿਹਾ ਹੈ ਪਰ ਬਚਨ ਮੰਨਕੇ ਉਹ ਮਾਨ ਅਪਮਾਨ ਤੋਂ ਨਿਆਰਾ ਹੋ ਕੇ ਚਲਾ ਗਿਆ। "ਬਾਬੇ ਸਾਹਿਬ ਸਿੰਘ ਨੇ ਕਿਹਾ, "ਹੀਰਾ ਸਿੰਘ ਤੇ ਲਹਿਣਾ ਸਿੰਘ ਸੰਗਤ ਕਾ ਪ੍ਰਸਾਦ ਬਣਿਆ ਹੋਇਆ ਹੈ ਨਾ ਗੁਵਾਵੋ।" ਹੀਰਾ ਸਿੰਘ ਨੇ ਕਹਾ ਹੋ ਮਸੰਦਾ ! ਖਾਇਕੇ ਪੇਟ ਬਧਾਇਆ ਹੈ। ਜਿਨ੍ਹਾਂ ਚਿਰ ਗਿਆਨੀ ਸਿੰਘ ਕਾ ਬੈਰ ਲੈਂਦੇ ਨਹੀਂ, ਓਨਾ ਚਿਰ ਸਾਨੂੰ ਪ੍ਰਸਾਦਾ ਛਕਨਾ ਭੀ ਹਰਾਮ ਹੈ, ਨਾਲੇ ਗਊਆਂ ਕੇ ਗੱਲ ਬਢੀਦੇ ਹੈਂ, ਛੱਤਰੀ ਕੋ ਪ੍ਰਸਾਦਾ ਛਕਣਾ ਕੈਸੇ ਸੂਝਦਾ ਹੈ। ਮੇਰੇ ਮਾਰੇ ਬਿਨਾਂ ਕਿਉਂ ਟਲਦਾ ਹੈ। ਅਸੀਂ ਤਾਂ ਗਿਆਨੀ ਸਿੰਘ ਕੀ ਜੰਞ ਚੜ੍ਹਨਾ ਹੈ। ਸਾਹਿਬ ਸਿੰਘ ਸੂਬੇ ਦਾ ਮੂੰਹ ਪੀਲਾ ਹੋਇ ਗਿਆ ਤੇ ਚੁੱਪ ਕਰ ਰਹਿਆ। ਸਾਹਿਬ ਸਿੰਘ ਕੂਕਾ ਵਿਦਰੋਹ ਦੀ ਸੰਭਾਵਿਤ ਅਸਫਲਤਾ ਤੇ ਹੁਣ ਅਫਸੋਸ ਹੀ ਕਰ ਸਕਦਾ ਸੀ।

੧੫ ਜਨਵਰੀ ਨੂੰ ਸਵੇਰੇ ਮਲੇਰਕੋਟਲੇ ਸਿੰਘਾਂ ਨੇ ਹੱਲਾ ਬੋਲ ਦਿੱਤਾ। ਇਸ ਤੋਂ ਪਹਿਲੀ ਰਾਤ ਮਲੌਦ ਦੇ ਸਰਦਾਰ ਬਦਨ ਸਿੰਘ ਨਾਲ ਸ਼ਸਤਰ ਲੈਣ ਲਈ ਲੜਾਈ ਕੀਤੀ। ੧੬ ਜਨਵਰੀ ਨੂੰ ਇਹ ਸਿੰਘ ਸ਼ੇਰਪੁਰ ਦੇ ਕਿਲ੍ਹੇ ਵਿਚ ਜਾ ਪੇਸ਼ ਹੋਏ। ਇਸੇ ਦਿਨ ਮਲੌਦ ਲੁਧਿਆਣੇ ਦੇ ਡੀ.ਸੀ. ਕਾਵਨ ਨੇ ਸਤਿਗੁਰੂ ਜੀ ਨੂੰ ਸੱਦ ਭੇਜਿਆ। "ਗੁਰੂ ਸਾਹਿਬ ਜੀ ਪੰਜਾਂ ਸਿੰਘਾਂ ਨਾਲ ਚੱਲੇ। ਬਾਬਾ ਜਵਾਹਰ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਸਾਹਿਬ ਸਿੰਘ, ਖਜ਼ਾਨ ਸਿੰਘ ਤੇ ਜੋਗਾ ਸਿੰਘ।... ਫਰੰਗੀ ਨੇ ਸਤਿਗੁਰੂ ਜੀ ਕਾ ਨਾਮ ਲਿਖਿਆ ਤੇ ਸੂਬਿਆਂ ਦਾ ਕਿਤਾ ਪੁੱਛਿਆ ਕੀ ਕਰਦੇ ਹੋ ? ਬਚਨ ਹੋਇਆ ਇਹਨਾਂ ਦਾ ਭਜਨ ਸੁਣਾਉਣ ਦਾ ਕਿੱਤਾ ਹੈ।"

੧੬ ਜਨਵਰੀ ਦੀ ਰਾਤ ਸਤਿਗੁਰੂ ਜੀ ਨੇ ਉਪਰੋਕਤ

ਸਿੰਘਾਂ ਸਮੇਤ ਸਿਆੜ੍ਹ ਪਿੰਡ ਵਿਚ ਬਤੀਤ ਕੀਤੀ। ੧੭ ਜਨਵਰੀ ਨੂੰ ਜਦੋਂ ਮਲੇਰਕੋਟਲੇ ਦੇ ਰੱਕੜ ਵਿਚ ਸਿੰਘ ਤੋਪਾਂ ਨਾਲ ਸ਼ਹੀਦ ਕੀਤੇ ਜਾ ਰਹੇ ਸਨ, ਉਸ ਸਮੇਂ ਵੀ ਸਤਿਗੁਰੂ ਜੀ ਤੇ ਉਪਰੋਕਤ ਸਿੰਘ ਸਿਆੜ ਵਿਚ ਹੀ ਸਨ। ਹੁਣ ਡੀ.ਸੀ. ਤਾਂ ਮਲੌਦ ਹੀ ਸਤਿਗੁਰੂ ਜੀ ਅਤੇ ਸੂਬਿਆਂ ਨੂੰ ਕਹਿ ਗਿਆ ਸੀ ਕਿ ਜਦੋਂ ਸੱਦਾਂਗੇ ਲੁਧਿਆਣੇ ਆ ਜਾਣਾ। ਸਿਆੜ੍ਹ ਤੋਂ ਭੈਣੀ ਸਾਹਿਬ ਤੁਰਨ ਲੱਗਿਆਂ ਜਵਾਹਰ ਸਿੰਘ, ਸਾਹਿਬ ਸਿੰਘ ਅਤੇ ਕਾਹਨ ਸਿੰਘ ਤਿੰਨਾਂ ਸੂਬਿਆਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਸਤਿਗੁਰੂ ਜੀ ਵਰ ਦਿੰਦੇ ਹਨ। ਬਾਹੋਵਾਲ ਜੀ ਦੇ ਸ਼ਬਦਾਂ ਵਿਚ– "ਬਾਬੇ ਜਵਾਹਰ ਸਿੰਘ ਜੀ ਕਹਾ ਸਾਹਿਬ ਸਿੰਘ ਹੁਣ ਕੋਠੜੀ ਦੇ ਵਿਚ ਬੈਠ ਕੇ ਸ਼ਰਦਾਈ ਨਹੀਂ ਪੀਣੀ ਮਿਲਣੀ। ਹੁਣ ਨਹੀਂ ਸਾਨੂੰ ਤੁਹਾਨੂੰ ਬੈਠਣਾ ਮਿਲਦਾ ਹੈ। ਤੁਰੇ ਆਉਂਦੇ ਹੈਂ, ਰਸਤੇ ਮੇਂ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਾਹਿਬ ਸਿੰਘ ਸਰਬ ਫੌਜਾਂ ਕਾ ਅਫਸਰ ਹੋਇਆ। ਸਾਹਿਬ ਸਿੰਘ ਕਾ ਅਫ਼ਸਰ ਕਾਹਨ ਸਿੰਘ ਹੋਇਆ। ਨਾਮ ਜਪਣ ਵਾਲਿਆਂ ਦਾ ਤੇ ਗ੍ਰੰਥੀਆਂ ਦਾ ਅਫ਼ਸਰ ਬਾਬਾ ਜਵਾਹਰ ਸਿੰਘ ਹੋਇਆ।"

੧੭-੧੮ ਜਨਵਰੀ ਦੋਵੇਂ ਦਿਨ ਮਲੇਰਕੋਟਲੇ ਦੇ ਰੱਕੜ ਵਿਚ ਸਿੰਘਾਂ ਦਾ ਕਤਲਾਮ ਜਾਰੀ ਰਿਹਾ। ਫਿਰ ੧੭-੧੮ ਜਨਵਰੀ ਦੀ ਦਰਮਿਆਨੀ ਰਾਤ ਨੂੰ, ੧੮੧੮ ਦੇ ਬੰਗਾਲ ਰੈਗੂਲੇਸ਼ਨ ਐਕਟ ਦੀ ਧਾਰਾ ਤਿੰਨ ਦੇ ਤਹਿਤ ਸਤਿਗੁਰੂ ਜੀ ਅਤੇ ਸੂਬਿਆਂ ਦੇ ਦੇਸ ਨਿਕਾਲੇ ਦੇ ਹੁਕਮ ਆ ਗਏ। ਬਾਬਾ ਸਾਹਿਬ ਸਿੰਘ ਦੇ ਪੁੱਛਣ 'ਤੇ ਸਤਿਗੁਰੂ ਜੀ ਨੇ ਉਸਨੂੰ ਪੰਜਾਹ ਸੱਠ ਰੁਪੈ ਨਾਲ ਲੈ ਲੈਣ ਲਈ ਕਿਹਾ। ਗੱਡੇ ਦੀ ਇਸ ਸੁਆਰੀ ਵਿਚ ਸਤਿਗੁਰੂ ਜੀ, ਸੂਬਾ ਜਵਾਹਰ ਸਿੰਘ, ਸੂਬਾ ਸਾਹਿਬ ਸਿੰਘ, ਸੇਵਕ ਨਾਨੂੰ ਸਿੰਘ ਅਤੇ ਪੰਜਵਾਂ ਗਾਡੀ ਗੁਰਦਿਤ ਸਿੰਘ ਮੋਰੋਂ (ਜਲੰਧਰ) ਸੀ। ਅੰਬਾਲੇ ਦੇ ਕਮਿਸ਼ਨਰ ਫੌਰਸਿੱਥ ਨੇ ਤਕਰੀਬਨ ਦੋ ਘੰਟੇ ਸਤਿਗੁਰੂ ਜੀ ਨਾਲ ਨਿਰੋਲ ਇਕਾਂਤ ਵਿਚ ਗੱਲਬਾਤ ਕੀਤੀ। ਬਾਹਰ ਆਕੇ ਕਹਿਣ ਲੱਗਾ, "ਵੈਲ ਸਾਹਿਬ ਸਿੰਘ ਤੁਮਨੇ ਦੰਗਾ ਕੀਆ ?" ਸਾਹਿਬ ਸਿੰਘ ਨੇ ਜੁਆਬ ਦਿੱਤਾ ਕਿ ਤੁਹਾਨੂੰ ਬਰਵਕਤ ਇਤਲਾਹ ਦੇ ਦਿੱਤੀ ਸੀ, ਜੇ ਅਸੀਂ ਹੱਥੀਂ ਕੁਝ ਕਰਦੇ ਤੁਸੀਂ ਕਹਿਣਾ ਸੀ ਕਾਨੂੰਨ ਹੱਥਾਂ ਵਿਚ ਕਿਉਂ ਲਿਆ। ਸਾਹਿਬ ਸਿੰਘ ਹਰ ਸਥਿਤੀ ਵਿਚ ਆਪਣਾ ਸੰਤੁਲਨ ਬਣਾਈ ਰੱਖਣ ਦੇ ਸਮਰੱਥ ਸੀ। ਉਹ ਪੂਰਨ ਬ੍ਰਹਮ ਗਿਆਨੀਆਂ ਜਿਉਂ ਹਰਖ ਸੋਗ ਤੋਂ ਨਿਆਰਾ ਹੋ ਚੁੱਕਾ ਸੀ। ਜਿਸ ਅੰਦੋਲਨ, ਸੰਗਤ ਅਤੇ ਪ੍ਰਾਣ ਪਿਆਰੇ ਦੇਸ਼ ਦੀ ਮਿੱਟੀ ਦੀ ਉਹ ਪੈਦਾਵਾਰ ਸੀ, ਇਸ ਤੋਂ ਅੰਤਿਮ ਵਿਛੋੜੇ ਨੂੰ ਉਸ ਸਹਿਜ ਭਾਵ ਨਾਲ ਸਵੀਕਾਰ ਕੀਤਾ। ਲੰਮੇ ਸਫਰ ਦੇ ਪਾਂਧੀ ਨੂੰ ਰਸਤੇ ਦੀਆਂ ਦੁਸ਼ਵਾਰੀਆਂ ਅਤੇ ਪਿੰਜਰੇ ਵਿਚ ਪਏ ਸ਼ੇਰ ਨੂੰ, ਵੈਰੀ ਦੀਆਂ ਗਿੱਦੜ ਭਬਕੀਆਂ ਡੁਲਾ ਨਹੀਂ ਸਕੀਆਂ।

ਗੰਗਾ ਜਮਨਾ ਅਤੇ ਕਲਪਿਤ ਸਰਸਵਤੀ ਦੇ ਸੰਗਮ ਤਟ 'ਤੇ ਵਸੇ ਹਿੰਦੂਆਂ ਦੇ ਪਵਿੱਤਰ ਤੀਰਥ ਪਰਿਆਗ ਰਾਜ ਜਿਸ ਨੂੰ ਇਲਾਹਾਬਾਦ ਸ਼ਹਿਰ ਵੀ ਕਿਹਾ ਜਾਂਦਾ ਹੈ ਦੇ ਕਿਲ੍ਹੇ ਵਿਚ, ਪੰਜ ਦਰਿਆਵਾਂ ਦੀ ਧਰਤੀ ਦੇ ਸੂਰਮਿਆਂ ਨੂੰ ਸਤਿਗੁਰੂ ਜੀ ਸਮੇਤ ਕੈਦ ਕਰ ਦਿੱਤਾ ਗਿਆ। ਉਹ ੧੯ ਜਨਵਰੀ ਤੋਂ ੯ ਮਾਰਚ ਤੱਕ ਸਤਿਗੁਰੂ ਜੀ ਸਮੇਤ ਇੱਥੇ ਇਕੱਠੇ ਰਹਿੰਦੇ ਹਨ। ਇਲਾਹਾਬਾਦ ਵਿਖੇ ਮੈਕਨਬ ਦੀ ਇਸ ਜਾਂਚ ਪੜਤਾਲ ਮੁਤਾਬਿਕ ਸੂਬਿਆਂ ਵਿਚੋਂ (ਸਰਕਾਰ ਦੀਆਂ ਅੱਖਾਂ ਵਿਚ ਆਪਣੇ ਗੁਣਾਂ ਸਦਕਾ ਰੜਕਣ ਵਾਲਾ) ਪਹਿਲੇ ਨੰਬਰ ਦਾ ਸੂਬਾ ਸਾਹਿਬ ਸਿੰਘ ਹੈ। ਉਹ (ਗੁਰੂ) ਰਾਮ ਸਿੰਘ ਦੇ ਹਾਲੀਆ ਨੈਪਾਲ ਮਿਸ਼ਨ ਵਿਚ ਉਸਦਾ ਸਫੀਰ ਸੀ। ਪੁਲੀਸ ਅਧਿਕਾਰੀਆਂ ਦੇ ਦਸਤਾਵੇਜ਼ਾਂ ਮੁਤਾਬਿਕ ਉਹ '(ਗੁਰੂ) ਰਾਮ ਸਿੰਘ ਦਾ ਸੰਭਾਵਿਤ ਉੱਤਰਾਧਿਕਾਰੀ' ਹੈ—ਉਸਦਾ 'ਵਿਸ਼ਵਾਸਪਾਤਰ ਅਤੇ ਗੁੱਝੇ ਭੇਦ ਜਾਨਣ ਵਾਲਾ' ਸੂਬਾ ਹੈ, ਉਹ (ਸਤਿਗੁਰੂ) ਰਾਮ ਸਿੰਘ ਜੀ ਦਾ ਲਫਟੈਣ ਹੈ, ਹਮੇਸ਼ਾਂ (ਗੁਰੂ) ਰਾਮ ਸਿੰਘ ਦੇ ਨਾਲ ਰਹਿਣ ਵਾਲਾ ਹੈ, ਸਾਰੇ ਸੂਬਿਆਂ ਵਿਚੋਂ ਸਭ ਤੋਂ ਵਧ ਜਾਣਿਆ ਜਾਣ ਵਾਲਾ ਹੈ, ਅਤੇ ਮੈਕਨਬ ਦੇ ਮੁਤਾਬਿਕ ਉਹ "ਪੜ੍ਹਿਆ ਲਿਖਿਆ, ਮਹੱਤਵਾਕਾਂਖੀ, ਹਮੇਸ਼ਾਂ ਨਵੀਆਂ ਗੋਂਦਾਂ ਗੁੰਦਣ ਵਾਲਾ ਅਤੇ (ਗੁਰੂ) ਰਾਮ ਸਿੰਘ ਨੂੰ ਕੋਈ ਨਾ ਕੋਈ ਨਵਾਂ ਅੰਦੋਲਨ ਵਿਢਣ ਲਈ ਉਕਸਾਉਣ ਵਾਲਾ ਵੀ ਹੈ। ਉਹ ਮਾਘੀ ਜਾਂ ਲੋਹੜੀ ਦੇ ਅੰਤਮ ਮੇਲੇ ਸਮੇਂ ਭੈਣੀ ਸਾਹਿਬ ਵਿਖੇ ਹੀ ਸੀ ਅਤੇ ਉਸਨੂੰ ਹੀਰਾ ਸਿੰਘ ਲਹਿਣਾ ਸਿੰਘ ਆਦਿ ਦੇ ਸ਼ਹੀਦੀ ਜੱਥੇ ਨੂੰ ਉਕਸਾਉਣ ਵਾਲਾ ਵੀ ਲਿਖਿਆ ਗਿਆ ਹੈ, ਜਦੋਂ ਮਸਤਾਨੇ ਬੇਕਾਬੂ ਹੋ ਰਹੇ ਸਨ ਤਾਂ ਸਰਕਾਰ ਪਾਸ ਇਹ ਵੀ ਸੂਚਨਾ ਹੈ ਕਿ ਸਾਹਿਬ ਸਿੰਘ ਨੇ ਗੁਰੂ ਰਾਮ ਸਿੰਘ ਜੀ ਨਾਲ ਹੋਰਨਾਂ ਸੂਬਿਆਂ ਸਮੇਤ ਇਕ ਗੁਪਤ ਮੀਟਿੰਗ ਕਰਕੇ ਉਹਨਾਂ ਨੂੰ ਬੇਨਤੀ ਕੀਤੀ ਕਿ ਉਹ ਖ਼ੁਦ ਨੂੰ ਪਾਤਸ਼ਾਹ ਘੋਸ਼ਿਤ ਕਰਕੇ "ਆਪਣਾ ਰਾਜ ਵਾਪਸ ਲੈਣ ਦਾ ਐਲਾਨ ਕਰ ਦੇਣ। ਜੇ ਇਹਨਾਂ ਹਾਲਾਤ ਵਿਚ ਸਾਹਿਬ ਸਿੰਘ ਹੋਰਾਂ ਦੀ ਇਹ ਯੋਜਨਾ ਮੰਨ ਲਈ ਜਾਂਦੀ ਤਾਂ ਸ਼ਾਇਦ ਇਸ ਦੇ ਦੂਰ ਰਸ ਨਤੀਜੇ ਨਿਕਲਦੇ ਪਰ ਬਾਬੇ ਜਵਾਹਰ ਸਿੰਘ ਹੋਰਾਂ ਦਾ ਵਿਚਾਰ ਸੀ ਕਿ "ਕੱਚੀ ਵਛੇਰੀ ਦਾ ਲੱਕ ਨਾ ਤੋੜਿਆ ਜਾਏ।" ਮੈਕਨਬ ਇਹ ਵੀ ਲਿਖਦਾ ਹੈ ਕਿ ਜੇ ਸਾਹਿਬ ਸਿੰਘ ਨੂੰ ਕਦੇ ਵੀ ਪੰਜਾਬ ਵਿਚ ਵਾਪਸ ਭੇਜਿਆ ਗਿਆ ਤਾਂ ਕੂਕਾਵਾਦ ਫਿਰ ਜਾਗ੍ਰਿਤ ਹੋ ਜਾਏਗਾ ਅਤੇ ਸਾਡੇ ਲਈ ਮੁਸੀਬਤ ਜ਼ਦਾ ਹੋਵੇਗਾ। ਇਸ ਲਈ ਇਸ ਵਿਅਕਤੀ ਨੂੰ ਤਾ ਉਮਰ ਦੇਸੋਂ ਬਾਹਰ ਰੱਖਿਆ

ਜਾਵੇ। ਮੈਕਨਬ ਆਪਣੀ ਪਹਿਲੀ ਰਿਪੋਰਟ ਵਿਚ ਸਾਹਿਬ ਸਿੰਘ ਨੂੰ "ਬੁੱਧੀਮਾਨ, ਚਤੁਰ, ਦ੍ਰਿੜ੍ਹ ਨਿਸ਼ਚੇ ਵਾਲਾ ਅਤੇ ਸੂਬਿਆਂ ਵਿਚੋਂ ਸਭ ਤੋਂ ਯੋਗ ਲਿਖਦਾ ਹੈ ਜੋ ਕਿ ਆਪਣੇ ਬਿਆਨਾਂ ਮੁਤਾਬਿਕ ਬਚਪਨ ਅਤੇ ਜੁਆਨੀ ਦੇ ਕੁਝ ਸਮੇਂ ਉਦਾਸੀ ਸਾਧ ਵੀ ਰਿਹਾ ਅਤੇ ਬ੍ਰਹਮਾ ਸਿੰਘ ਨਾਲ ਮੁਕਤਸਰ ਮਾਘੀ ਦੇ ਕਿਸੇ ਮੇਲੇ 'ਤੇ ਮਿਲ ਕੇ ਗੁਰੂ ਬਾਲਕ ਸਿੰਘ ਜੀ ਪਾਸ ਨਾਮ ਦਾਨ ਲਈ ਗਿਆ ਸੀ ਅਤੇ ਛੇਤੀ ਹੀ ਫਿਰ ਸ੍ਰੀ ਭੈਣੀ ਸਾਹਿਬ ਚੀਨੀ ਨਾਥ ਦੇ ਦਰਬਾਰ ਵਿਚ ਆ ਹਾਜ਼ਰ ਹੋਇਆ ਸੀ। ਇਸ ਲਈ ਉਸਦੀ ਤਾ ਉਮਰ ਨਜ਼ਰਬੰਦੀ ਨੂੰ ਉਚਿਤ ਠਹਿਰਾਉਂਦਿਆਂ ਸਰਕਾਰੀ ਰੀਕਾਰਡ ਵਿਚ ਦਰਜ ਹੈ ਕਿ ਇਹੋ ਸੁਝਾਅ ਦਰੁਸਤ ਹੈ (ਸਾਹਿਬ ਸਿੰਘ ਬਾਰੇ)। "ਬੰਦਾ ਖ਼ਤਰਨਾਕ ਹੈ। ਅਤੇ ਜਿਵੇਂ ਕਿ ਪੰਜਾਬ ਵਿਚ ਆਮ ਤੌਰ 'ਤੇ ਲੋਕ 'ਅਨਜਾਣ' ਅਤੇ ਉਹ 'ਕੱਟੜਵਾਦ' ਤੋਂ ਪ੍ਰਭਾਵਿਤ ਹਨ, ਇਸ ਲਈ ਇਹਨਾਂ ਹਾਲਤਾਂ ਵਿਚ ਸਾਹਿਬ ਸਿੰਘ ਪਾਸ ਕਾਫੀ ਜਲਣਸ਼ੀਲ ਸਮੱਗਰੀ ਮੌਜੂਦ ਰਹੇਗੀ। ਜਿਹਨੂੰ ਉਹ ਕਦੇ ਵੀ ਤੀਲੀ ਲਾ ਸਕਦਾ ਹੈ। ਇਸ ਕੂਕਾ ਪੰਥ ਦੇ ਕ੍ਰਿਆਸ਼ੀਲ ਅਤੇ ਸਿਆਸੀ ਭਾਗ ਦਾ ਉਹ ਨਿਸ਼ਚੇ ਹੀ ਮੁੱਖ ਆਗੂ ਹੈ।


ਕੈਪਟਨ ਮੈਨਜ਼ੀਜ ਨਾਂ ਦੇ ਇਕ ਅਧਿਕਾਰੀ ਨੇ ਇੱਥੋਂ ਤੱਕ ਲਿਖਿਆ ਹੈ ਕਿ ਸਾਹਿਬ ਸਿੰਘ ਨੂੰ ਕੂਕਿਆਂ ਵਿਚ ਗੁਰੂ ਰਾਮ ਸਿੰਘ ਨਾਲੋਂ ਵੀ ਵੱਧ ਸੁਣਿਆ ਜਾਂਦਾ ਹੈ। ਇਸ ਦਾ ਮਤਲਬ ਉਸ ਦੀ ਗੁਰੂ ਤੋਂ ਨਾਬਰੀ ਨਹੀਂ ਸਗੋਂ ਇਹ ਗੁਰੂ ਕਿਰਪਾ ਸੀ ਜਿਸਨੇ ਆਮ ਲੋਕਾਂ ਵਿਚ ਆਪਣੇ ਜਿਹੇ ਮੀਰੀ ਗੁਣ ਪੈਦਾ ਕਰ ਦਿੱਤੇ ਸਨ। ਸਾਹਿਬ ਸਿੰਘ ਦੀ ਮਹਾਂ-ਪ੍ਰਤਿਭਾ ਨੂੰ ਬਿਆਨਣ ਲਈ ਸਾਡੇ ਦੁਸ਼ਮਣ ਤਤਕਾਲੀ ਹਾਕਮਾਂ ਤੋਂ ਵਧੇਰੇ ਹੋਰ ਕੌਣ ਜਾਣੂ ਹੋ ਸਕਦਾ ਸੀ। ਇਸ ਲਈ ਉਹਨੂੰ ਲੱਖਾ ਸਿੰਘ, ਕਾਹਨ ਸਿੰਘ ਆਦਿ ਸੂਬਿਆਂ ਜਿਉਂ ਤਾ ਉਮਰ ਨਜ਼ਰਬੰਦ ਰੱਖਣ ਦੀ ਸਿਫਾਰਸ਼ ਕੀਤੀ। ਉਹਨਾਂ ਤਿੰਨਾਂ ਨੂੰ ਵੀ ਸਤਿਗੁਰੂ ਜੀ ਜਿਉਂ, ਹਿੰਦੁਸਤਾਨ ਵਿਚ ਕਿਤੇ ਵੀ ਨਾ ਰੱਖਣ ਦੀ ਵੀ ਸਿਫਾਰਸ਼ ਕੀਤੀ ਗਈ। ਇਸ ਲਈ ਪੁਰਾਣੇ ਮਿੱਤਰਾਂ ਕਾਹਨ ਸਿੰਘ ਨਿਹੰਗ ਅਤੇ ਸਾਹਿਬ ਸਿੰਘ ਨੂੰ ਮੱਕੇ ਵਾਲੇ ਪਾਸੇ, ਅਦਨ ਵਿਖੇ ਭੇਜਿਆ ਗਿਆ। ਇਕ ਹੋਰ ਕਾਰਨ ਇਹ ਵੀ ਸੀ ਕਿ ਕਾਹਨ ਸਿੰਘ ਬਜ਼ੁਰਗ ਸੀ ਅਤੇ ਉਸਦੀ ਸੰਗਤ, ਯੁਵਾ ਸੂਬੇ ਦੇ ਹਿਰਦੇ ਵਿਚ ਭੜਕਦੀਆਂ ਕ੍ਰਾਂਤੀ ਦੀਆਂ ਚਿੰਗਾਰੀਆਂ ਨੂੰ ਕਦੇ ਕਦੇ ਬਜ਼ੁਰਗੀ ਦੇ ਬਚਨਾਂ ਨਾਲ ਸ਼ਾਂਤ ਕਰਨ ਦੇ ਸਮਰੱਥ ਵੀ ਹੋਵੇਗੀ।

ਸਾਹਿਬ ਸਿੰਘ ਹੋਰਾਂ ਦੇ ਸਭ ਤੋਂ ਛੋਟੇ ਭਰਾਤਾ ਹੀਰਾ ਸਿੰਘ ਵੀ ਬਹੁਤ ਸਾਧੂ ਸੁਭਾਉ ਅਤੇ ਕੂਕਾ ਕਾਰ ਦੀ ਰੰਗਣਾਂ ਵਿਚ ਰੰਗੇ ਹੋਏ ਸਨ। ਸੰਤ ਇੰਦਰ ਸਿੰਘ ਚੱਕਰਵਰਤੀ ਦਾ, ਸਤਿਜੁਗ ਦੀ ੧੯੩੬ ਈ. ਵਿਚ ਜ਼ਬਤੀ ਦਾ ਕਾਰਨ ਬਣਿਆ ਵਿਸ਼ੇਸ਼ ਬਸੰਤ ਅੰਕ, ਜਿਸ ਵਿਖਿਆਤ ਰਚਨਾ 'ਅਪੂਰਵ ਬਲੀਦਾਨ' ਦੇ ਕਾਰਨ ਸੀ, ਉਸ ਦਾ ਅਰੰਭ ਸੰਤ ਜੀ ਭੈਣੀ ਸਾਹਿਬ ਵਿਖੇ ਭਾਈ ਹੀਰਾ ਸਿੰਘ ਅਤੇ ਸੂਬਾ ਸਾਹਿਬ ਸਿੰਘ ਨਿਰਬਾਣ ਦੇ ਵਾਰਤਾਲਾਪ ਨਾਲ ਕਰਦੇ ਹਨ। ਆਪਣੇ ਇਕ ਮਾਝੇ ਦੇ ਦੌਰੇ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਬੰਗਾਲੀਪੁਰ ਵਿਖੇ ਹੀਰਾ ਸਿੰਘ ਹੋਰਾਂ ਨੂੰ ਦਰਸ਼ਨ ਦਿੱਤੇ ਸਨ ਅਤੇ ਰਾਮ-ਵਿਓਗੀਆਂ ਵਾਲੀ ਉਸ ਮਨੋਦਸ਼ਾ ਦਾ ਵੀ ਬਖ਼ੂਬੀ ਚਿਤਰਣ, ਆਪ ਦੇ ਰੀਕਾਰਡ ਹੋਏ ਉਪਦੇਸ਼ ਵਿੱਚ-ਆਸ਼ਕਾਂ ਦੀਆਂ ਨਿਸ਼ਾਨੀਆਂ ਕੀ ਕੀ ਹਨ ਦੇ ਸੰਦਰਭ ਵਿਚ ਕਰਦੇ ਹਨ- "ਬਾਬਾ ਸਾਹਿਬ ਸਿੰਘ ਹੁਰੀਂ... ਬੰਗਾਲੀਪੁਰ ਦਾ ਜਨਮ ਸੀ, ਸਤਿਗੁਰਾਂ ਦੇ ਖ਼ਾਸ ਸੂਬੇ ਸੀ .. ਅੰਗਰੇਜ਼ ਨੇ ਭੀ ਲਿਖਿਆ ਹੈ ਕਿ ਇਸਦੇ ਦਿਮਾਗ਼ ਨੂੰ ਅਸੀਂ ਨਹੀਂ ਸਮਝ ਸਕੇ ਕਿ ਕਿੰਨਾ ਇਹ ਸਿਆਣਾ ਹੈ। ਉਨ੍ਹਾਂ ਦੇ ਛੋਟੇ ਭਾਈ, ਗਰਮੀ ਦੀ ਰੁੱਤ, ਬਾਬਾ ਹੀਰਾ ਸਿੰਘ ਜੀ ਬੰਗਾਲੀਪੁਰ, ਤਰਨਤਾਰਨ ਦੇ ਪਾਸ ਨਗਰ ਹੈ- ਗਏ, ਹਲਕਾ ਜਿਹਾ ਸਰੀਰ, ਸਾਉਲਾ ਰੰਗ, ਪਊਏ ਪਾਏ ਹੋਏ। ਐਸ ਵੇਲੇ ਅਸੀਂ ਗਏ। ਆਏ-ਅੱਛਾ! ਕਹਿ ਗਏ ਸੀ ਆਵਾਂਗੇ-ਹਉਕੇ ਤੇ ਹਉਕਾ, ਆਹ ਸਰਦੈ।"

ਸਰਕਾਰ ਬਰਤਾਨੀਆਂ ਦੇ ਕੱਟੜ ਵੈਰੀ ਸੂਬਾ ਸਾਹਿਬ ਸਿੰਘ ਅਤੇ ਕਾਹਨ ਸਿੰਘ ੨੪ ਮਾਰਚ ੧੮੭੩ ਈ. ਨੂੰ ਅਦਨ ਪੁੱਜੇ ਸਨ। ਇੱਥੇ ਗਰਮੀ ਏਨੀ ਸੀ ਕਿ ਰੁੱਖ ਦਾ ਪੱਤਾ ਨੰਗੇ ਪਿੰਡੇ 'ਤੇ ਪਵੇ ਤਾਂ ਸਰੀਰ ਸੜਦਾ ਸੀ। ਇੱਥੇ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਕਮਰਿਆਂ ਵਿਚ ਇਹਨਾਂ ਨੂੰ ਰੱਖਿਆ ਗਿਆ। ਦੋਹਾਂ ਸੂਬਿਆਂ 'ਤੇ ਉਸ ਸਮੇਂ ਸਰਕਾਰ ਦਾ ਮਾਸਿਕ ਖਰਚਾ ੧੦੨ ਰੁਪੈ ਹੁੰਦਾ ਸੀ। ਇੱਥੇ ਇਹ ਦੋਵੇਂ ਸੂਬੇ ਢਿੱਲੇ ਰਹਿਣ ਲੱਗ ਪਏ। ਕਾਹਨ ਸਿੰਘ ਦੇ ਸਰੀਰ ਤੇ ਫੋੜੇ ਨਿਕਲ ਆਏ ਅਤੇ ਅੱਖਾਂ ਵੀ ਖ਼ਰਾਬ ਹੋ ਗਈਆਂ। ਅਦਨ ਦੇ ਜੇਲ੍ਹ ਸੁਪਰੀਡੈਂਟ ਨੇ ਦੋਹਾਂ ਦੀ ਖ਼ਰਾਬ ਸਿਹਤ ਬਾਰੇ ਭਾਰਤ ਸਰਕਾਰ ਨੂੰ ੨ ਜਨਵਰੀ ੧੮੭੫ ਈ. ਨੂੰ ਲਿਖ ਭੇਜਿਆ ਜਿਸ 'ਤੇ ਗਵਰਨਰ ਜਨਰਲ ਨੇ ਇਲਾਹਾਬਦ ਤੋਂ ਬਿਨਾਂ ਪੰਜਾਬੋਂ ਬਾਹਰ ਕਿਤੇ ਵੀ ਭੇਜਣ ਲਈ ਕਹਿ ਦਿੱਤਾ ਅਤੇ ਹਜ਼ਾਰੀ ਬਾਗ ਦੀ ਸਿਫਾਰਸ਼ ਵੀ ਕੀਤੀ। ਸੋ ਮਈ ੧੮੭੫, ਵਿਚ ਦੋ ਦੋ ਦੇਸੀ ਸਿਪਾਹੀਆਂ ਨਾਲ ਦੋਵੇਂ ਸੂਬੇ ਹਜ਼ਾਰੀ ਬਾਗ ਜੇਲ੍ਹ ਵਿਚ ਭੇਜ ਦਿੱਤੇ, ਜੋ ਅੱਜਕਲ੍ਹ ਝਾਰਖੰਡ ਰਾਜ ਵਿਚ ਹੈ। ਇਸ ਜੇਲ੍ਹ ਦੇ ਸੁਪਰਟੈਂਡੈਂਟ ਦੀ ੨੧ ਮਈ ੧੮੭੫ ਦੀ ਚਿੱਠੀ ਮੁਤਾਬਿਕ ਸਾਹਿਬ ਸਿੰਘ ਸ਼ੱਕਰ ਰੋਗ ਤੋਂ ਪੀੜਤ ਸੀ ਅਤੇ ਰੋਗ ਬਹੁਤ ਵੱਧ ਚੁੱਕਾ ਸੀ।

**ਬਾਕੀ ਸਫਾ ਨੰ 18 'ਤੇ**

# ਅਨੰਦ ਕਾਰਜ ਦੀ ਰਸਮ ਦਾ ਗੌਰਵਮਈ ਇਤਿਹਾਸਕ ਪਿਛੋਕੜ




**ਡਾ. ਲਖਵੀਰ ਸਿੰਘ ਰਾਮਪੁਰਾ ਫੂਲ**
**98768-50680**


ਸਮੇਂ ਦੇ ਬਦਲਾਅ ਨਾਲ ਮਨੁੱਖੀ ਜੀਵਨ ਨੂੰ ਠੋਸ ਨਿਯਮਾਂ ਵਿੱਚ ਬੰਨ੍ਹਣ ਲਈ ਮਨੁੱਖਤਾ ਦੇ ਸਰਬਪੱਖੀ ਵਿਕਾਸ ਵਿੱਚੋਂ 'ਵਿਆਹ' ਵਰਗੀ ਪਵਿੱਤਰ ਰਸਮ ਦਾ ਜਨਮ ਹੋਇਆ। 'ਵਿਆਹ' ਨੌਜਵਾਨ ਲੜਕੇ ਅਤੇ ਨੌਜਵਾਨ ਲੜਕੀ ਦੇ ਆਪਸੀ ਮਿਲਣ ਅਤੇ ਇਕੱਠੇ ਰਹਿਕੇ ਗ੍ਰਿਸਤੀ ਜੀਵਨ ਸ਼ੁਰੂ ਕਰਨ ਦੀ ਇੱਕ ਪਵਿੱਤਰ ਰਸਮ ਹੈ। ਧਰਮਾਂ ਅਤੇ ਜਾਤੀਆਂ ਮੁਤਾਬਕ ਨਜ਼ਰ ਮਾਰੀਏ ਤਾਂ ਹਿੰਦੂਆਂ ਵਿੱਚ ਫੇਰੇ, ਮੁਸਲਮਾਨਾਂ ਵਿੱਚ ਨਿਕਾਹ, ਈਸਾਈਆਂ ਵਿੱਚ ਮੁੰਦਰੀਆਂ ਦੇ ਵਟਾਂਦਰੇ ਅਤੇ ਸਿੱਖਾਂ ਵਿੱਚ ਅਨੰਦ ਕਾਰਜ ਦੀ ਰਸਮ ਪ੍ਰਚੱਲਤ ਹੋਈ ਜਿਸਦਾ ਵੱਡਮੁੱਲਾ ਗੌਰਵਮਈ ਇਤਿਹਾਸ ਹੈ।

ਇਤਿਹਾਸਕ ਤੱਥਾਂ ਮੁਤਾਬਕ ਸਿੱਖਾਂ ਦੇ ਵਿਆਹ ਬ੍ਰਾਹਮਣ ਜਾਂ ਵੈਦਿਕ ਰੀਤੀ ਮੁਤਾਬਕ ਹੀ ਹੁੰਦੇ ਸਨ। ਇੱਥੋਂ ਤੱਕ ਕਿ ਸਾਡੇ ਸਾਰੇ ਹੀ ਗੁਰੂ ਸਾਹਿਬਾਨ, ਰਾਜੇ, ਮਹਾਰਾਜੇ, ਸਿੱਖ ਜਰਨੈਲਾਂ, ਸਿੱਖ ਆਗੂਆਂ ਦੇ ਵਿਆਹ ਪੁਰਾਤਨ ਵੇਦ ਰੀਤੀ ਮੁਤਾਬਕ ਹੀ ਹੋਏ ਹਨ। ਇਤਿਹਾਸਕ ਦਸਤਾਵੇਜ਼ਾਂ ਅਤੇ ਖੋਜਾਂ ਮੁਤਾਬਿਕ ਠੋਸ ਰੂਪ ਵਿੱਚ ਅਤੇ ਭਾਰੀ ਜੱਦੋ ਜਹਿਦ ਨਾਲ ਅਨੰਦ ਕਾਰਜ ਦੀ ਰੀਤੀ ਦਾ ਸ਼ੁੱਭ ਅਰੰਭ ਆਜ਼ਾਦੀ ਸੰਗਰਾਮ ਦੇ ਮੋਢੀ ਗੁਰੂ ਰਾਮ ਸਿੰਘ ਜੀ ਨੇ ਕੀਤਾ।

ਸਮੇਂ ਦੀਆਂ ਤਬਦੀਲੀਆਂ ਨਾਲ ਪੁਰਾਤਨ ਵੇਦ ਰੀਤੀਆਂ ਵਿੱਚ ਵੱਡੀਆਂ ਤਰੁੱਟੀਆਂ ਅਤੇ ਗਿਰਾਵਟਾਂ ਆ ਗਈਆਂ। ਪੰਡਿਤ ਅਤੇ ਪ੍ਰੋਹਿਤ ਸ਼੍ਰੇਣੀ ਨੇ ਵਿਆਹ ਰਸਮਾਂ ਏਨੀਆਂ ਖਰਚੀਲੀਆਂ ਅਤੇ ਮਹਿੰਗੀਆਂ ਕਰ ਦਿੱਤੀਆਂ ਕਿ ਵਿਆਹ ਕਰਵਾਉਣ ਲਈ ਆਮ ਲੋਕਾਂ ਦੀ ਆਰਥਿਕਤਾ ਡਗਮਗਾ ਜਾਂਦੀ। ਪੁਰਾਤਨ ਵਿਆਹ ਰੀਤੀਆਂ ਵਿੱਚ ਸਤੀ ਪ੍ਰਥਾ ਪ੍ਰਚੱਲਿਤ ਸੀ ਜਿਸ ਤਹਿਤ ਪਤੀ ਦੇ ਮਰ ਜਾਣ ਤੇ ਔਰਤ ਨੂੰ ਪਤੀ ਦੀ ਚਿਤਾ ਵਿੱਚ ਪਤੀ ਨਾਲ ਜਿੰਦਾ ਸੜਨਾਂ ਪੈਂਦਾ ਸੀ। ਨਿੱਕੀਆਂ-ਨਿੱਕੀਆਂ ਬਾਲੜੀਆਂ ਨੂੰ ਬੁੱਢਿਆਂ ਨਾਲ ਵਿਆਹ ਦਿੱਤਾ ਜਾਂਦਾ ਸੀ। ਕੁੜੀ ਦੇ ਜੰਮਣ ਤੇ ਘਰ ਵਿੱਚ ਸੋਗ ਪੈ ਜਾਂਦਾ ਸੀ। ਇਸੇ ਲਈ ਜੰਮਦੀਆਂ ਕੁੜੀਆਂ ਮਾਰ ਦਿੱਤੀਆਂ ਜਾਂਦੀਆਂ ਸਨ। ਉਸ ਸਮੇਂ ਦੇ ਗਰੇਵਾਲ ਅਤੇ ਸੰਧੂ ਗੋਤ ਦੇ ਜੱਟ ਘਰ ਕੁੜੀ ਪੈਦਾ ਹੀ ਨਹੀਂ ਹੋਣ ਦਿੰਦੇ ਸਨ ਕਿ ਸਾਡਾ ਵੀ ਕੋਈ ਜਵਾਈ ਬਣੇ। ਉਸ ਸਮੇਂ ਔਰਤ ਦੀ ਨਿਘਰਦੀ ਹਾਲਤ ਪ੍ਰਤੀ ਗੁਰੂ ਰਾਮ ਸਿੰਘ ਜੀ ਨੇ ਗੁਰਮਤਿ ਪ੍ਰਚਾਰ ਪ੍ਰਸਾਰ ਅਤੇ ਆਜਾਦੀ ਪ੍ਰਾਪਤੀ ਦੇ ਨਾਲ ਨਾਲ ਗੁਰੂ ਨਾਨਕ ਦੇਵ ਜੀ ਦੇ ਸ਼ਬਦ-

"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ"

ਤੇ ਪਹਿਰਾ ਦਿੰਦਿਆਂ ਮਰਦ-ਔਰਤ ਦੀ ਬਰਾਬਰਤਾ ਲਈ ਪ੍ਰਚਾਰ ਕੀਤਾ। ਓਹਨਾਂ ਸਤੀ ਪ੍ਰਥਾ, ਬਾਲ ਵਿਆਹ, ਵੱਟੇ-ਸੱਟੇ ਦਾ ਵਿਆਹ, ਜੰਮਦੀਆਂ ਕੁੜੀਆਂ ਨੂੰ ਮਾਰਨ, ਵੇਚਣ, ਦਾਜ-ਦਹੇਜ ਅਤੇ ਮਹਿੰਗੀਆਂ ਵਿਆਹ ਰਸਮਾਂ ਵਿਰੁੱਧ ਪੰਜਾਬ ਦੇ ਕੋਨੇ-ਕੋਨੇ ਵਿੱਚ ਪ੍ਰਚਾਰ ਕੀਤਾ। ਉਸ ਸਮੇਂ ਬਾਲ ਵਿਆਹ ਦੀ ਕੁਰੀਤੀ ਆਮ ਪ੍ਰਚੱਲਤ ਸੀ ਕਈ ਵਾਰ ਤਾਂ ਵਿਆਹ ਵਾਲੇ ਲੜਕਾ-ਲੜਕੀ ਦਾ ਮਾਪਿਆਂ ਦੀ ਗੋਦੀ ਵਿੱਚ ਬਿਠਾਕੇ ਵਿਆਹ ਕੀਤਾ ਜਾਂਦਾ। ਪੰਡਿਤ ਪ੍ਰੋਹਿਤਾਂ ਦੀ ਪ੍ਰਵਾਨਗੀ ਵਿਆਹ ਹੁੰਦੇ। ਗੁਰੂ ਰਾਮ ਸਿੰਘ ਜੀ ਨੇ ਇਹਨਾਂ ਕੁਰੀਤੀਆਂ ਵਿਰੁੱਧ ਅਵਾਜ਼ ਉਠਾਈ ਅਤੇ ਗੁਰਮਤਿ ਦਾ ਪ੍ਰਚਾਰ ਕੀਤਾ ਅਤੇ ਉਹਨਾਂ ਆਪਣੇ ਸਿੱਖ ਸੰਗਤ ਦੇ ਨਾਮ ਭੇਜੇ ਹੁਕਮਨਾਮਿਆਂ ਵਿੱਚ ਪੁਰਾਤਨ ਸਮਿਆਂ ਵਿੱਚ 18ਵੀਂ ਸਦੀ ਵਿੱਚ ਹੀ ਲਿੱਖ ਦਿੱਤਾ ਸੀ-

"ਆਠਾਰਾਂ ਵਰਸ਼ ਕੀ ਲੜਕੀ ਔਰ ਵੀਸ ਵਰਸ਼ ਕਾ ਲੜਕਾ ਹੋਵੇ ਤੇ ਵਿਆਹੁ ਕਰਨਾ, ਉਰੇ ਨਹੀਂ ਕਰਨਾ"

(ਹੁਕਮਨਾਮਾ-23)

ਉਹਨਾਂ ਆਖਿਆ- "ਨਾ ਕੋਈ ਕੁੜੀ ਮਾਰੇ, ਨਾ ਵੇਚੇ, ਨਾ ਵੱਟਾ ਕਰੇ। ਜੇ ਕੋਈ ਕੁੜੀ ਮਾਰੇ, ਵੇਚੇ, ਵੱਟਾ ਕਰੇ, ਉਸਦੇ ਹੱਥ ਦਾ, ਘਰ ਦਾ ਅੰਨ-ਜਲ ਗ੍ਰਹਿਣ ਨਹੀਂ ਕਰਨਾ, ਦਿਵਾਨ ਵਿੱਚ ਨਹੀਂ ਵੜਨ ਦੇਣਾ, ਜੇਕਰ ਜੋਰਾਵਰ ਵੀ ਹੋਵੇ

ਤਾਂ ਜੁੱਤੀਆਂ ਮਾਰਕੇ ਕੱਢ ਦੇਣਾ। " (ਹੁਕਮਨਾਮਾ-4)

ਸਤਿਗੁਰੂ ਰਾਮ ਸਿੰਘ ਜੀ ਨੇ ਬੀਬੀਆਂ ਨੂੰ, ਭਾਈਆਂ ਦੇ ਬਰਾਬਰ ਦਰਜਾ ਦੇਣ ਲਈ 1 ਜੂਨ 1863 ਈਸਵੀਂ ਨੂੰ ਪਿੰਡ ਸਿਆਹੜ ਵਿਖੇ ਬੀਬੀਆਂ ਨੂੰ ਅੰਮ੍ਰਿਤ ਛਕਾਇਆ ਅਤੇ ਮਹਿੰਗੀਆਂ ਵਿਆਹ ਰਸਮਾਂ ਨੂੰ ਤਿਲਾਂਜਲੀ ਦੇਣ ਲਈ 3 ਜੂਨ 1863 ਈਸਵੀਂ ਨੂੰ ਮੋਗਾ ਜਿਲ੍ਹੇ ਦੇ ਪਿੰਡ ਖੋਟੇ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਬੇਦੀ ਗੱਡਕੇ, ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਅਤੇ ਦਸਮੇਸ਼ ਪਾਤਿਸ਼ਾਹ ਜੀ ਦੀਆਂ ਚੋਣਵੀਆਂ ਬਾਣੀਆਂ ਪੜ੍ਹਕੇ, ਹਵਨ ਕਰਕੇ, ਗੁਰੂ ਰਾਮਦਾਸ ਜੀ ਦੀਆਂ ਰਚੀਆਂ ਚਾਰ ਲਾਵਾਂ ਅਤੇ ਗੁਰੂ ਅਮਰਦਾਸ ਜੀ ਦਾ ਰਚਿਆ ਅਨੰਦ ਸਾਹਿਬ ਦਾ ਪਾਠ ਕਰਕੇ ਇਤਿਹਾਸਕ ਤੌਰ ਤੇ ਪਹਿਲੀ ਵਾਰ 6 ਸਮੂਹਿਕ ਅਨੰਦ ਕਾਰਜ ਕਰਨ ਦਾ ਸ਼ੁੱਭ ਆਰੰਭ ਕਰ ਦਿੱਤਾ। ਆਪਣਾ ਕਾਰੋਬਾਰ ਖੁੱਸਦਾ ਦੇਖਕੇ ਇਸ ਸ਼ੁਭ ਕਾਰਜ ਦੇ ਵਿਰੋਧ ਵਿੱਚ ਬ੍ਰਾਹਮਣ ਅਤੇ ਪ੍ਰੋਹਿਤ ਸ਼੍ਰੇਣੀ ਨੇ ਵੱਡਾ ਹੜਕੰਪ ਮਚਾਇਆ। ਉਹਨਾਂ ਸਰਕਾਰੇ-ਦਰਬਾਰੇ ਰੌਲਾ ਪਾਇਆ ਅਤੇ ਸੜਕੇ ਮਰ ਜਾਣ ਦੀਆਂ ਧਮਕੀਆਂ ਦਿੱਤੀਆਂ ਪਰ ਗੁਰੂ ਰਾਮ ਸਿੰਘ ਜੀ ਨੇ ਕੋਈ ਪ੍ਰਵਾਹ ਨਾ ਕੀਤੀ ਅਤੇ ਉਹਨਾਂ ਨੂੰ ਆਪਣੇ ਪਾਖੰਡ ਸਮੇਟਣ ਲਈ ਵੰਗਾਰਿਆ।

ਅੰਗਰੇਜ਼ ਸਰਕਾਰ ਵੀ ਕੂਕਾ ਅੰਦੋਲਨ ਦੀ ਦਿਨੋ-ਦਿਨ ਵਧ ਰਹੀ ਲੋਕ ਪ੍ਰਿਯਤਾ ਤੋਂ ਪਹਿਲਾਂ ਹੀ ਭੈਅਭੀਤ ਸੀ ਤੇ ਸਰਕਾਰ ਕੂਕਾ ਅੰਦੋਲਨ ਨੂੰ ਘੋਖਣ ਲਈ ਕਿਸੇ ਮੌਕੇ ਦੀ ਤਲਾਸ਼ ਵਿੱਚ ਸੀ। ਇਸੇ ਲਈ ਆਨੰਦ ਕਾਰਜ ਦੀ ਰਸਮ ਦਾ ਆਗਾਜ਼ ਕਰਨ ਦੇ ਬਹਾਨੇ ਅੰਗਰੇਜ਼ ਸਰਕਾਰ ਨੇ 1863 ਈ. ਤੋਂ 1868 ਈ. ਤੱਕ ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਦੀ ਹਦੂਦ ਤੋਂ ਬਾਹਰ ਜਾਣ ਤੇ ਪਾਬੰਦੀ ਲਗਾ ਦਿੱਤੀ। ਇਸ ਆਨੰਦ ਕਾਰਜ ਦੀ ਰਸਮ ਸ਼ੁਰੂ ਕਰਨ ਦੇ ਦੋਸ਼ ਹੇਠ ਗੁਰੂ ਰਾਮ ਸਿੰਘ ਜੀ ਮੋਗਾ ਜਿਲ੍ਹੇ ਦੀ ਬਾਘਾ ਪੁਰਾਣਾ ਤਹਿਸੀਲ ਵਿੱਚ ਪੇਸ਼ੀਆਂ ਭੁਗਤਣ ਆਉਂਦੇ ਰਹੇ ਅਤੇ ਇਸ ਅਨੰਦ ਕਾਰਜ ਦੀ ਰੀਤੀ ਨੂੰ ਪ੍ਰਚੱਲਤ ਰੱਖਣ ਲਈ ਦ੍ਰਿੜਤਾ ਨਾਲ ਆਪਣਾ ਪੱਖ ਪੇਸ਼ ਕਰਦੇ ਰਹੇ।

ਚੰਗੀ, ਪ੍ਰਭਾਵਸ਼ਾਲੀ, ਸੁਖਾਵੀਂ ਅਤੇ ਗੁਰਮਤਿ ਦੇ ਅਨੁਕੂਲ ਇਸ ਪ੍ਰਥਾ ਦਾ ਸਮਾਜ ਵਿੱਚ ਡਾਹਢਾ ਪ੍ਰਸਾਰ ਹੋਇਆ । ਜਲਦੀ ਹੀ ਅਨੰਦ ਕਾਰਜ ਦੀ ਇਹ ਰਸਮ ਸਮੁੱਚੇ ਸਮਾਜ ਵਿੱਚ ਪ੍ਰਚੱਲਤ ਹੋ ਗਈ। ਭਾਵੇਂ ਗੈਰ ਨਾਮਧਾਰੀ ਸਿੱਖਾਂ ਵਿੱਚ ਬੇਦੀ ਨਹੀਂ ਗੱਡੀ ਜਾਂਦੀ ਅਤੇ ਹਵਨ ਵੀ ਨਹੀਂ ਕੀਤਾ ਜਾਂਦਾ ਪਰ ਸਮੁੱਚੀ ਸਿੱਖ ਸੰਗਤ ਵੱਲੋਂ ਗੁਰੂ ਗ੍ਰੰਥ ਸਾਹਿਬ ਦੁਆਲੇ ਪ੍ਰਕਰਮਾਂ ਕਰਕੇ ਅਨੰਦ ਕਾਰਜ ਹੋਣ ਲੱਗੇ। ਜਿਸ ਸਬੰਧੀ ਉੱਘੇ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਲਿਖਦੇ ਹਨ-

ਸ੍ਰੀ ਰਾਮ ਸਿੰਘ ਕੂਕੇ ਪਹਿਲੇ, ਅਨੰਦ ਸੁਛੰਦ ਪੜਾਏ ਸਹਿਲੇ<br>
ਤਿਨਕੋ ਦੇਖ ਔਰ ਸਿਖ ਘਨੇ, ਲਗੇ ਆਨੰਦ ਪੜ੍ਹਾਵਨ ਤਨੇ।

ਪਰ ਬ੍ਰਾਹਮਣਾਂ, ਪ੍ਰੋਹਿਤਾਂ, ਪੁਜਾਰੀਆਂ, ਹਿੰਦੂ ਸ਼ਾਸ਼ਤਰੀਆਂ, ਆਰੀਆ ਸਮਾਜੀਆਂ ਵੱਲੋਂ ਅਨੰਦ ਕਾਰਜ ਨੂੰ ਅਪ੍ਰਵਾਨਿਤ ਹੋਣ ਦਾ ਪ੍ਰਚਾਰ ਹੁੰਦਾ ਰਿਹਾ। ਅਨੰਦ ਕਾਰਜ ਨੂੰ ਕਾਨੂੰਨੀ ਦਾਇਰੇ ਤੋਂ ਵੀ ਬਾਹਰ ਗਿਣਿਆ ਜਾਂਦਾ ਰਿਹਾ। ਅਨੰਦ ਕਾਰਜ ਨੂੰ ਕਾਨੂੰਨੀ ਮਾਨਤਾ ਦਿਵਾਉਣ ਲਈ ਸਭ ਤੋਂ ਪਹਿਲਾ ਵਿਚਾਰ ਰਿਆਸਤ ਨਾਭਾ ਦੇ ਮਹਾਰਾਜਾ ਹੀਰਾ ਸਿੰਘ ਦੇ ਸਪੁੱਤਰ ਟਿੱਕਾ ਰਿਪੁਦਮਨ ਸਿੰਘ ਨੂੰ ਆਇਆ। ਉਹਨਾਂ ਸਿੱਖ ਵਿਦਵਾਨਾਂ ਅਤੇ ਸਿੱਖ ਸੰਸਥਾਵਾਂ ਦੀ ਰਾਏ ਲੈ ਕੇ 30 ਅਕਤੂਬਰ 1908 ਈਸਵੀ ਨੂੰ ਅਨੰਦ ਕਾਰਜ ਨੂੰ ਕਨੂੰਨੀ ਮਾਨਤਾ ਦਿਵਾਉਣ ਲਈ ਬਿੱਲ ਕੌਂਸਲ ਵਿੱਚ ਪੇਸ਼ ਕਰ ਦਿੱਤਾ। ਪਰ ਮਹਾਰਾਜਾ ਹੀਰਾ ਸਿੰਘ ਨਾਭਾ ਵੱਲੋਂ ਹੀ ਇਸਦਾ ਸਖ਼ਤ ਵਿਰੋਧ ਕਰ ਦਿੱਤਾ ਗਿਆ। ਮਹਾਰਾਜਾ ਖਿਲਾਫ਼ ਕੋਈ ਬੋਲ ਵੀ ਨਹੀਂ ਸੀ ਸਕਦਾ ਤੇ ਅਨੰਦ ਮੈਰਿਜ ਐਕਟ ਠੰਡੇ ਬਸਤੇ ਵਿੱਚ ਪੈ ਗਿਆ। ਉੱਧਰ ਕੌਂਸਲ ਨੇ ਇਹ ਵੀ ਸਵਾਲ ਖੜ੍ਹਾ ਕਰ ਦਿੱਤਾ ਕਿ ਤੁਹਾਡੇ ਕੋਲ ਅਨੰਦ ਕਾਰਜ ਦਾ ਕੀ ਇਤਿਹਾਸਕ ਪਿਛੋਕੜ ਹੈ?

ਫਿਰ ਨਾਮਧਾਰੀ ਮਿਸ਼ਨ ਦੇ ਮੁੱਖੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਆਏ। ਉਹਨਾਂ ਟਿੱਕਾ ਰਿਪੁਦਮਨ ਸਿੰਘ ਦੀ ਪਿੱਠ ਥਾਪੜੀ। ਸਮੁੱਚੀ ਨਾਮਧਾਰੀ ਸੰਗਤ, ਸੂਬੇ ਸਹਿਬਾਨ, ਅਨੰਦ ਕਾਰਜ ਐਕਟ ਨੂੰ ਚਾਹੁੰਣ ਵਾਲੀਆਂ ਸੰਸਥਾਵਾਂ ਅਤੇ ਵਿਦਵਾਨ ਆ ਨਾਲ ਖੜ੍ਹੇ ਹੋਏ। ਕੌਂਸਲ ਵਿੱਚ ਅਨੰਦ ਕਾਰਜ ਦੀ ਰਸਮ ਦਾ ਇਤਿਹਾਸਕ ਪਿਛੋਕੜ ਪੇਸ਼ ਕਰਨ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ 3 ਜੂਨ 1863 ਈਸਵੀਂ ਤੋਂ ਅਰੰਭ ਹੋਏ ਅਤੇ 46 ਸਾਲ ਤੋਂ ਨਾਮਧਾਰੀ ਮਰਿਯਾਦਾ ਅਨੁਸਾਰ ਨਿਰਵਿਘਨ ਚੱਲ ਰਹੇ ਅਨੰਦ ਕਾਰਜਾਂ ਦਾ ਹਵਾਲਾ ਦਿੱਤਾ ਗਿਆ। ਸਮੁੱਚੀ ਗੁਰੂ ਨਾਨਕ ਨਾਮ ਲੇਵਾ ਸਿੱਖ-ਸੰਗਤ ਵੱਲੋਂ ਇਸ ਅਨੰਦ ਮੈਰਿਜ ਐਕਟ ਦੇ ਪੱਖ ਵਿੱਚ ਵੱਡੀ ਗਿਣਤੀ ਵਿੱਚ ਮਤੇ ਪਾ-ਪਾ ਕੇ ਭੇਜੇ ਗਏ। ਮਹਾਰਾਜਾ ਜੀਂਦ ਨੇ ਵੀ ਬਿੱਲ ਦੀ ਹਮਾਇਤ ਕਰ ਦਿੱਤੀ। ਸਰਦਾਰ ਸੁੰਦਰ ਸਿੰਘ ਮਜੀਠੀਆ ਨੇ ਬਿੱਲ ਪਾਸ ਕਰਾਉਣ ਲਈ ਨਿੱਗਰ ਯੋਗਦਾਨ ਪਾਇਆ ਤੇ ਅਖੀਰ 22 ਅਕਤੂਬਰ 1909 ਈਸਵੀ ਨੂੰ ਵਾਇਸਰਾਏ ਦੀ ਕੌਂਸਲ ਵਿੱਚ ਅਨੰਦ ਮੈਰਿਜ

ਐਕਟ ਦਾ ਇਹ ਬਿੱਲ ਪਾਸ ਹੋ ਕੇ ਲਾਗੂ ਹੋ ਗਿਆ। ਹੁਣ ਅੱਜ ਤੱਕ ਸਿੱਖਾਂ ਦੇ ਵਿਆਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਇਸ ਅਨੰਦ ਮੈਰਿਜ ਐਕਟ ਦੇ ਅਧੀਨ ਹੁੰਦੇ ਹਨ ਜਿਸਨੂੰ ਕਨੂੰਨੀ ਮਾਨਤਾ ਹੈ। ਅਨੰਦ ਕਾਰਜ ਦਿਵਸ ਦੀ ਸਤਾਬਦੀ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ 3 ਜੂਨ 1963 ਈਸਵੀਂ ਨੂੰ ਪਿੰਡ ਖੋਟੇ ਵਿਖੇ ਸਮੂਹਿਕ ਰੂਪ ਵਿੱਚ ਇਕੱਠੇ 150 ਅਨੰਦ ਕਾਰਜਾਂ ਦਾ ਅਲੌਕਿਕ ਦ੍ਰਿਸ਼ ਇਕ ਨਿਵੇਕਲੀ ਮਿਸਾਲ ਪੇਸ਼ ਕਰਦਾ ਸੀ।

ਇਸ ਆਨੰਦ ਕਾਰਜ ਦੀ ਰਸਮ ਦਾ ਆਗਾਜ਼ ਕਰਨ ਅਤੇ ਐਕਟ ਨੂੰ ਬਣਾ ਕੇ ਲਾਗੂ ਕਰਨ ਲਈ ਸਾਡੇ ਪੁਰਖਿਆਂ ਨੇ ਵੱਡਾ ਯੋਗਦਾਨ ਦਿੱਤਾ ਹੈ। ਪਰ ਮੌਜੂਦਾ ਵਰਤਾਰੇ ਵੱਲ ਨਜ਼ਰ ਮਾਰਿਆ ਦੁੱਖ ਹੁੰਦਾ ਹੈ ਕਿ ਅੱਜ ਦੇ ਦਿਖਾਵਾ ਪ੍ਰਸਤੀ ਦੇ ਯੁੱਗ ਵਿੱਚ "ਅਨੰਦ ਕਾਰਜ" ਦੇ ਨਾਲ-ਨਾਲ ਵਿਆਹ ਇੱਕ ਵੱਡਾ ਅਡੰਬਰ ਬਣ ਗਏ ਹਨ। ਸਿੱਖਾਂ ਵਿੱਚ ਦਾਜ-ਦਹੇਜ਼, ਠਾਕੇ, ਮੰਗਣੀਆਂ, ਮਿਲਣੀਆਂ, ਮੁਕਲਾਵਿਆਂ, ਰਿੰਗ ਸੈਰੇਮਨੀਆਂ, ਮੈਰਿਜ਼ ਪੈਲਿਸ ਕਲਚਰ, ਡੀ.ਜਿਆਂ ਦੇ ਸ਼ੋਰ, ਬਰਾਤਾਂ, ਡੋਲੀਆਂ, ਮਾਸ, ਸ਼ਰਾਬ, ਜੀਵ ਹੱਤਿਆ ਨੇ ਇੱਸ ਪਵਿੱਤਰ ਰਸਮ ਨੂੰ ਕੁੰਭੀ ਨਰਕ ਬਣਾ ਦਿੱਤਾ ਹੈ। ਅੱਜ ਦੇ ਅਜਿਹੇ ਵਿਆਹਾਂ ਕਾਰਨ ਵੱਡੀ ਗਿਣਤੀ ਵਿੱਚ ਲੋਕ ਕਰਜਾਈ ਹੋ ਰਹੇ ਹਨ।

ਪਰ ਦੂਜੇ ਪਾਸੇ ਇਹਨਾਂ ਅਨੰਦ ਕਾਰਜਾਂ ਪ੍ਰਤੀ ਇਹ ਖੁਸ਼ਖਬਰ ਵੀ ਹੈ ਕਿ 3 ਜੂਨ 1863 ਈਸਵੀ ਨੂੰ ਗੁਰੂ ਰਾਮ ਸਿੰਘ ਨੇ ਜਿਸ ਢੰਗ ਨਾਲ ਅਨੰਦ ਮਰਿਯਾਦਾ ਦਾ ਸ਼ੁਭ ਅਰੰਭ ਕੀਤਾ ਸੀ ਨਾਮਧਾਰੀ ਸੰਗਤ ਅੱਜ ਵੀ ਉਸੇ ਮਰਿਯਾਦਾ ਅਨੁਸਾਰ ਅਨੰਦ ਕਾਰਜ ਕਰਦੀ ਹੈ। ਦਾਜ-ਦਹੇਜ, ਲੈਣ-ਦੇਣ, ਠਾਕੇ, ਮੰਗਣੀ, ਮੁਕਲਾਵੇ ਤੋਂ ਦੂਰ ਸਾਦੇ ਚਿੱਟੇ ਪਹਿਰਾਵੇ ਵਿੱਚ, ਅੰਮ੍ਰਿਤ ਵੇਲੇ ਸੂਰਜ ਚੜਨ ਤੋਂ ਪਹਿਲਾਂ, ਨਾਮਧਾਰੀ ਗੁਰਦੁਆਰਿਆਂ ਵਿੱਚ ਹੋ ਰਹੇ ਅਨੰਦ ਕਾਰਜ ਅੱਜ ਵੀ ਕਲਜੁਗ ਵਿੱਚ ਸਤਿਜੁਗ ਦਾ ਭੁਲੇਖਾ ਪਾਉਂਦੇ ਹਨ। ਵਿਆਹ ਵਾਲੇ ਘਰ ਪਾਰਟੀਆਂ ਤਾਂ ਦੂਰ ਦੀ ਗੱਲ ਹੈ ਸਗੋਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸੰਗਤ ਨੂੰ ਵਿਆਹ ਦੀਆਂ ਕੁਰੀਤੀਆਂ ਭਰੀਆਂ ਰਸਮਾਂ ਤੋਂ ਬਚਾਉਣ ਲਈ ਘਰ ਵਿੱਚ ਵਿਆਹ ਤੋਂ 6 ਮਹੀਨੇ ਬਾਅਦ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਪਾਠ ਕਰਾਉਣ ਤੇ ਵੀ ਪਾਬੰਦੀ ਲਗਾ ਦਿੱਤੀ ਸੀ।

ਅੱਜ 3 ਜੂਨ ਨੂੰ ਆਨੰਦ ਕਾਰਜ ਦਿਵਸ ਤੇ ਵਿਸ਼ੇਸ਼ ਇਸ ਪਵਿੱਤਰ ਦਿਹਾੜੇ ਤੇ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਮੋਗਾ ਜਿਲ੍ਹੇ ਦੇ ਪਿੰਡ ਖੋਟੇ ਵਿਖੇ ਆਨੰਦ ਕਾਰਜ ਦੀ ਅਰੰਭਤਾ ਵਾਲੇ ਸਥਾਨ ਤੇ ਭਾਰੀ ਸਮਾਗਮ ਹੋ ਰਿਹਾ ਹੈ।

.................................................


## ਗੁਰੂ ਕਾ ਲਾਡਲਾ ਸਪੂਤ....

ਇਹਨਾਂ ਸੂਬਿਆਂ ਨੇ ਭਾਰਤ ਸਰਕਾਰ ਨੂੰ ਲਿਖਿਆ ਕਿ ਉਹਨਾਂ ਨੂੰ ਮੌਲਮੀਨ ਭੇਜ ਦਿੱਤਾ ਜਾਵੇ ਜਿੱਥੇ ਉਹਨਾਂ ਦੇ ਤਿੰਨ ਹੋਰ ਸਾਥੀ ਸੂਬੇ ਕੈਦ ਕੱਟ ਰਹੇ ਸਨ। ਪਰ ਦੁਸ਼ਮਣਾਂ ਦੇ ਹੱਥੋਂ ਕਿਸੇ ਰਿਆਇਤ ਦੀ ਗੁੰਜਾਇਸ਼ ਕਦੋਂ ਹੁੰਦੀ ਹੈ। ਹਜ਼ਾਰੀ ਬਾਗ ਜੇਲ੍ਹ ਦੇ "ਯੂਰਪੀਨ ਪ੍ਰਾਸ਼ਚਿਤ ਗ੍ਰਹਿ ਵਿਖੇ ੧੬-੧੬ ਕੋਠੜੀਆਂ ਦੀਆਂ ਦੋ ਕਤਾਰਾਂ ਸਨ। ਇਕ ਪਾਸੇ ਇਕੱਲੇ ਕਾਹਨ ਸਿੰਘ ਨੂੰ ਅਤੇ ਦੂਜੇ ਪਾਸੇ ਸਾਹਿਬ ਸਿੰਘ ਨੂੰ ਇਕੱਲਿਆਂ ਰੱਖਿਆ ਜਾ ਰਿਹਾ ਸੀ। ਸਰਕਾਰ ਨੇ ਏਨੀ ਫਰਾਖ ਦਿਲੀ ਵੀ ਨਾ ਵਿਖਾਈ ਕਿ ਹੁਣ ਜਦੋਂ ਇਹ ਸ਼ਾਹੀ ਕੈਦੀ ਘੜੀਆਂ ਪਲਾਂ ਦਾ ਪ੍ਰਾਹੁਣਾ ਹੈ ਤਾਂ ਇੱਥੇ ਹੀ ਇਸਦੇ ਸੰਗੀ ਕਾਹਨ ਸਿੰਘ ਨੂੰ ਇਸ ਦੇ ਨਾਲ ਦੀ ਕੋਠੜੀ ਵਿਚ ਟਿਕਾ ਦਈਏ ਜਿੱਥੇ ਉਹ ਕਦੇ ਬਚਨ ਬਲਾਸ ਕਰ ਕੇ ਦਿਲ ਦੀ ਭੜਾਸ ਕੱਢ ਲੈਣ। ਸੁਵਰਨ ਸਿੰਘ ਸਨੇਹੀ ਦੇ ਸ਼ਬਦਾਂ ਵਿਚ, "ਸਾਹਿਬ ਸਿੰਘ ਦੀ ਸਿਹਤ ਦਿਨੋਂ ਦਿਨ ਹੋਰ ਵਿਗੜਦੀ ਜਾ ਰਹੀ ਸੀ ਪਰ ਕੋਈ ਆਪਣੀ ਕਾਰਗੁਜ਼ਾਰੀ ਕਰਨ ਦੀ ਥਾਂ ਸਰਕਾਰੀ ਮਸ਼ੀਨਰੀ ਸਿਫਾਰਸ਼ਾਂ ਤੱਕ ਹੀ ਸੀਮਤ ਰਹੀ ਜਾਪਦੀ ਹੈ। ਇਹ ਜਾਣ ਬੁੱਝ ਕੇ ਅਪਣਾਈ ਗਈ ਨੀਤੀ ਦਾ ਸਿੱਟਾ ਹੀ ਸੀ। ਇਸ ਨੀਤੀ ਦਾ ਸ਼ਿਕਾਰ ਹੋ ਕੇ ਹੀ, ਨਾਮਧਾਰੀ ਪੰਥ ਦਾ ਇਹ ਨਿਧੜਕ ਜਰਨੈਲ, ਸੂਬਾ ਸਾਹਿਬ ਸਿੰਘ, ਹਜਾਰੀ ਬਾਗ ਦੀ ਜੇਲ੍ਹ ਵਿਚ ਹੀ ੧੦ ਜੂਨ ੧੯੭੯ ਨੂੰ ਦਮ ਤੋੜ ਗਿਆ।

ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਉਹ ਇਸ ਕਦਰ ਖੁੱਭਿਆ ਸੀ ਕਿ ਉਸਨੂੰ ਵਿਆਹ ਕਰਵਾ ਕੇ ਗ੍ਰਹਿਸਤ ਸੁਖ ਭੋਗਣ ਦਾ ਕਦੇ ਫੁਰਨਾ ਤੱਕ ਵੀ ਨਹੀਂ ਆਇਆ। ਅੰਤ ਵਿਚ ਅਸੀਂ ਪੰਜਾਬੀ ਦੀਆਂ ਇਹਨਾਂ ਕਾਵਿ ਸਤਰਾਂ ਨਾਲ ਇਤਿਹਾਸ ਦੇ ਇਸ ਅਮਰ ਪਾਤਰ ਦੀ ਗਾਥਾ ਸਮੇਟਦੇ ਹਾਂ-

ਪਿਆਰ ਸਾਡੇ ਦੀ ਪਰਖ ਇਸ ਵਤਨ ਦੀ ਮਿੱਟੀ ਕਰੇ,
ਦੇਸ਼ ਦੀ ਸਵਾਧੀਨਤਾ ਪਲਦੀ ਲਹੂ ਦੇ ਆਸਰੇ।
ਮਿਟ ਗਏ ਜੋ ਵਤਨ ਦੀ ਇਜ਼ਤ ਲਈ,
ਯਾਦ ਓਹਨਾਂ ਦੀ ਸਦਾ ਸਜਰੀ ਰਹੇ ਮਘਦੀ ਰਹੇ।

# ਸ਼ਾਹ ਦਰਵੇਸ਼–
# ਸਤਿਗੁਰ ਪ੍ਰਤਾਪ ਸਿੰਘ



**ਸੰਤ ਗੁਰੂਬਚਨ ਸਿੰਘ**

ਸਮਾਧ ਅਕਾਲੀ ਫੂਲਾ ਸਿੰਘ, ਨੌਸ਼ਹਿਰੇ ਦੇ ਨੇੜੇ, ਕਾਬਲ ਦਰਿਆ ਦੇ ਕੰਢੇ ਰਹਿੰਦਿਆਂ, ਸੰਨ 1936 ਵਿਚ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਲਿਖਿਆ ਹੈ, ਭਾਈ ਕਾਨ੍ਹ ਸਿੰਘ ਨਾਭਾ, ਮਾਸਟਰ ਤਾਰਾ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਪੰਜਾ ਸਾਹਿਬ, ਨਨਕਾਣਾ ਦੇ ਪ੍ਰਧਾਨ ਸਰਦਾਰ ਤਰਲੋਕ ਸਿੰਘ, ਸਰਦਾਰ ਜਵੰਦ ਸਿੰਘ, ਕਈ ਉੱਘੀਆਂ ਸ਼ਖ਼ਸੀਅਤਾਂ ਨਾਲ ਮਿਲਿਆ ਹਾਂ... ਪਰ ਦੋ ਹੀ ਸ਼ਖ਼ਸੀਅਤਾਂ ਤੋਂ ਪ੍ਰਭਾਵਿਤ ਹੋਇਆ ਹਾਂ; ਨਿਡਰ, ਨਿਧੜਕ, ਸਤਿ ਦੇ ਪਾਂਧੀ ਬਾਬਾ ਖੜਗ ਸਿੰਘ ਅਤੇ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ। ਉਨ੍ਹਾਂ ਦੀ ਸਰਲਤਾ, ਬੋਲ ਵਿਚ ਨਿਰਮਾਣਤਾ, ਦ੍ਰਿਸ਼ਟੀ ਵਿਚ ਖੁੱਲ੍ਹਾਪਨ, ਹੱਸੂੰ ਹੱਸੂੰ ਕਰਦਾ ਚਿਹਰਾ, ਰੌਸ਼ਨ ਨੇਤਰ, ਸਵਦੇਸ਼ੀ ਸੁਫ਼ੇਦ ਪਹਿਰਾਵੇ ਵਿਚ ਇਕ ਨੇਕ ਦਿਲ ਇਨਸਾਨ।

ਮਨੁੱਖ ਬਹੁਤ ਕਮਜ਼ੋਰ ਹੈ...ਕੋਈ ਜ਼ੋਰ ਨਹੀਂ। ਇਕ ਪਹਿਲਵਾਨ, ਚੰਗੇ ਚੰਗੇ ਪਹਿਲਵਾਨਾਂ ਨੂੰ ਅਖਾੜੇ ਵਿਚ ਮਿੰਟਾਂ ਵਿਚ ਚਿੱਤ ਕਰ ਦੇਣ ਵਾਲੇ ਨੂੰ ਅਧਰੰਗ ਹੋ ਗਿਆ, ਹੁਣ ਆਪਣੇ ਮੂੰਹ 'ਤੇ ਬੈਠੀ ਮੱਖੀ ਉਡਾਉਣ ਜੋਗਾ ਨਾ ਰਿਹਾ। ਸਤਿਗੁਰ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ, ਬੁੱਲੇ ਸ਼ਾਹ ਦੇ ਕਲਾਮ ਨੂੰ ਆਪਣੇ ਰੋਹ ਵਿਚ ਪੜ੍ਹਦੇ–

ਡੋਲੀ ਪਾ ਲੈ ਚੱਲੇ ਖੇੜੇ, ਨਾ ਕੋਈ ਉਜਰ ਨਾ ਜ਼ੋਰ ਹਨ।
ਪਿਆਰਿਆ, ਸਾਡੇ ਵੱਲ ਮੁਖੜਾ ਮੋੜ।

ਬੰਦੇ ਵਿਚ ਕੋਈ ਜ਼ੋਰ ਨਹੀਂ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜਪੁਜੀ ਵਿਚ ਕਹਿੰਦੇ ਹਨ–

ਜੋਰੁ ਨ ਜੀਵਣਿ ਮਰਣਿ ਨਹ ਜੋਰੁ॥
ਜੋਰੁ ਨ ਰਾਜਿ ਮਾਲਿ ਮਨਿ ਸੋਰੁ॥
ਜੋਰੁ ਨ ਸੁਰਤੀ ਗਿਆਨਿ ਵੀਚਾਰਿ॥
ਜੋਰੁ ਨ ਜੁਗਤੀ ਛੁਟੈ ਸੰਸਾਰੁ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥
ਨਾਨਕ ਉਤਮੁ ਨੀਚੁ ਨ ਕੋਇ॥

ਜਿਹੜਾ ਸਮਝਦਾ ਹੈ, ਮੈਂ ਜ਼ੋਰਾਵਰ ਹਾਂ, ਉਹ ਅਜ਼ਮਾ ਲਵੇ। ਜੀਵਨ ਤੇ ਜ਼ੋਰ ਨਹੀਂ...ਮੌਤ ਤੇ ਜ਼ੋਰ ਨਹੀਂ। ਸਾਡੇ ਹੱਥ ਕੁਝ ਨਹੀਂ। ਬਹੁਤ ਨਿਤਾਣਾ, ਮਨੁੱਖ! ਪਰ ਪੰਜਵੇਂ ਪਾਤਸ਼ਾਹ ਕਹਿੰਦੇ ਹਨ, ਜਿਨ੍ਹਾਂ ਦੇ ਸਿਰ 'ਤੇ ਸਤਿਗੁਰ ਦਾ ਹੱਥ ਹੈ, ਉਹ ਹਰ ਥਾਂ ਸਫਲ ਹਨ।

ਸਤਿਗੁਰ ਮੇਰਾ ਤਾਣੁ ਨਿਤਾਣੁ॥
ਸਤਿਗੁਰ ਮੇਰਾ ਘਰਿ ਦੀ ਬਾਣੁ॥

ਸਤਿਗੁਰ ਨਿਤਾਣਿਆਂ ਦਾ ਤਾਣ...ਸਤਿਗੁਰ ਮੇਰਾ ਘਰਿ...ਮੇਰਾ ਨਿਜ ਥਾਉਂ... ਸ੍ਰਿਸ਼ਟੀ ਦੀ ਸਭ ਤੋਂ ਵੱਡੀ ਅਦਾਲਤ, ਮੇਰੇ ਸਤਿਗੁਰ ਦੀ। ਨਲ੍ਹ ਭੱਟ ਕਹਿੰਦਾ ਹੈ–

ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਬੁ ਦਿਜਇ॥
ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ॥

ਲੱਖਾਂ ਬਾਹਾਂ...ਲੱਖਾਂ ਦੁਸ਼ਮਣ ਸਾਹਵੇਂ ਹੋਣ, ਜੇ ਗੁਰੂ ਦਾ ਹੱਥ ਸਿਰ 'ਤੇ ਹੋਵੇ, ਵਾਲ ਵਿੰਗਾ ਕੋਈ ਨਹੀਂ ਕਰ ਸਕਦਾ।

ਪੱਛਮੀ ਪੰਜਾਬ, ਗੁਜਰਾਂਵਾਲਾ ਨੇੜੇ 'ਹਿੰਦੂ ਚੱਕ' ਪਿੰਡ! ਸੰਤ ਤਰਨ ਸਿੰਘ ਵਹਿਮੀ ਜੀ, ਉਸੇ ਪਿੰਡ ਦੇ ਸਨ। ਲਿਖਦੇ ਹਨ, ਸ਼ਰਾਬੀਆਂ ਸ਼ਰਾਰਤੀਆਂ ਦਾ ਪਿੰਡ ਸੀ। ਕੁਝ ਘਰ ਨਾਮਧਾਰੀਆਂ ਦੇ ਸਨ। ਦੋ ਬਦਮਾਸ਼, ਬਧਾਵਾ ਸਿੰਘ ਤੇ ਮਾਨ ਸਿੰਘ ਬਹੁਤ ਤੰਗ ਕਰਦੇ। ਰਾਹ ਜਾਂਦਿਆਂ ਨੂੰ ਧੱਕੇ ਮਾਰਦੇ...ਗਾਲ੍ਹਾਂ ਕੱਢਦੇ। ਤੰਗ ਹੋ ਕੇ ਵਹਿਮੀ ਜੀ ਨੇ, ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕੀਤੀ। ਉਸੇ ਰਾਤ ਬਧਾਵਾ ਸਿੰਘ ਨੂੰ, ਸੁੱਤੇ ਪਏ ਨੂੰ ਸੁਪਨੇ ਜਿਹੇ ਵਿਚ ਸਤਿਗੁਰ ਪ੍ਰਤਾਪ ਸਿੰਘ ਜੀ ਆਏ। ਹੱਥ ਵਿਚ ਖੂੰਡਾ ਫੜਿਆ ਹੋਇਆ। ਓਏ ਬਧਾਵਾ ਸਿੰਘਾ, ਤੂੰ ਮੇਰੇ ਸਿੰਘਾਂ ਨਾਲ ਹੁੱਜਤਾਂ ਕਰਦੈਂ। ਜੇ ਹੁਣ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਤਾਂ ਅਗਲੀ ਵਾਰ ਤੇਰੇ ਪਾਸੇ ਭੰਨ ਕੇ ਜਾਵਾਂਗਾ। ਫੇਰ ਨਾ ਕਹੀਂ...ਸੁਚੇਤ ਨਹੀਂ

ਕੀਤਾ। ਸੁਪਨਾ ਸਮਝ ਕੇ, ਬਧਾਵਾ ਸਿੰਘ ਭੁੱਲ ਗਿਆ। ਦੂਜੇ ਦਿਨ, ਫਿਰ ਰਾਹ ਜਾਂਦਿਆਂ ਵਹਿਮੀ ਜੀ ਨਾਲ ਹੁੱਜਤ ਹੋਈ। ਫਿਰ ਤਾਂ ਰਾਤ, ਸਤਿਗੁਰਾਂ ਉਸੇ ਖੂੰਡੇ ਨਾਲ ਚੰਗਾ ਸੋਧਿਆ। ਜਾਨ ਬਚਾਉਣ ਭੱਜਦਾ ਫਿਰੇ। ਜਿਸ ਪਾਸੇ ਮੂੰਹ ਕਰੇ, ਉਸ ਪਾਸੇ ਸਤਿਗੁਰ ਦਿਸਣ...ਮੁੰਡਾ ਪੈਣ ਲੱਗੇ। ਭੈਅ ਦਾ ਮਾਰਿਆ...ਘਬਰਾਇਆ ਹੋਇਆ ਉੱਠ ਖਲੋਤਾ। ਘਰ ਵਾਲੀ ਨੂੰ ਜਗਾਇਆ। ਸਾਰੇ ਸਰੀਰ 'ਤੇ ਮਾਰ ਦੀਆਂ ਲਊਸਾਂ ਪਈਆਂ ਹੋਈਆਂ। ਪਿੱਠ, ਪੈਰ, ਹੱਥ...ਸਾਰੇ ਸੁੱਜੇ ਹੋਏ। ਦਰਦ ਨਾਲ ਚੀਸਾਂ ਪੈਣ। ਸਵੇਰ ਹੋਈ ਤਾਂ ਵਹਿਮੀ ਜੀ ਦੇ ਘਰ ਜਾ ਬੂਹਾ ਖੜਕਾਇਆ। ਦਰਵਾਜ਼ਾ ਖੁੱਲ੍ਹਿਆ। ਵਹਿਮੀ ਜੀ ਆਪ ਦਿਸੇ। ਜਾ ਪੈਰੀਂ ਡਿੱਗਾ। ਮੈਨੂੰ ਬਚਾ ਲਉ...ਭੁੱਲ ਹੋਈ। ਹੁਣ ਨਹੀਂ ਮੈਂ ਅਵੱਗਿਆ ਕਰਦਾ। ਸੰਤਾਂ ਮੋਢਿਉਂ ਫੜ, ਉਤਾਂਹ ਨੂੰ ਚੁੱਕਿਆ। ਸਾਹਵੇਂ ਸਤਿਗੁਰ ਪ੍ਰਤਾਪ ਸਿੰਘ ਜੀ ਦੀ ਤਸਵੀਰ ਦਿਸ ਪਈ। ਕਹਿੰਦਾ, ਇਨ੍ਹਾਂ ਨੇ ਹੀ ਕੁੱਟਿਆ ਹੈ। ਮੈਨੂੰ ਬਖ਼ਸ਼ ਦਿਉ। ਬਧਾਵਾ ਸਿੰਘ ਤਾਂ ਰਾਹ 'ਤੇ ਆ ਗਿਆ। ਦੂਜਾ ਮਾਨ ਸਿੰਘ, ਚੋਰੀ ਦੇ ਕੇਸ ਵਿਚ ਗ੍ਰਿਫ਼ਤਾਰ ਹੋ ਗਿਆ। ਕੁਝ ਦਿਨ ਹਵਾਲਾਤ ਵਿਚ ਰਹਿ ਕੇ, ਜੱਜ ਅੱਗੇ ਪੇਸ਼ ਹੋਇਆ। ਬਥੇਰਾ ਹੱਥ-ਪੈਰ ਜੋੜੇ, ਕਹੇ ਮੈਂ ਬੇਗੁਨਾਹ ਹਾਂ। ਜੱਜ ਕਿਹਾ, ਪਿੰਡ ਦਾ ਲੰਬਰਦਾਰ, ਜੇ ਤੇਰੀ ਬੇਗੁਨਾਹੀ ਦੀ ਸਿਫ਼ਾਰਿਸ਼ ਕਰੇ ਤਾਂ ਤੂੰ ਬਰੀ ਹੋ ਸਕਦਾ ਹੈਂ। ਵਹਿਮੀ ਜੀ ਭੀ ਪਿੰਡ ਦੇ ਛੋਟੇ ਲੰਬਰਦਾਰ ਸਨ। ਉਸ ਆ ਕੇ ਪੈਰ ਫੜ ਲਏ। ਮੈਨੂੰ ਬਚਾ ਲਉ। ਤਿੰਨ ਦਿਨ ਹਵਾਲਾਤ ਵਿਚ ਕੁੱਟਦੇ ਰਹੇ...ਮੇਰੀ ਖੱਲੜੀ ਉਧੇੜਦੇ ਰਹੇ ਹਨ। ਮੈਨੂੰ ਬਚਾ ਲਉ।

ਵਹਿਮੀ ਜੀ ਸਮਝ ਗਏ, "ਸਤਿਗੁਰ ਮੇਰੇ ਕੀ ਵਡਿਆਈ" ਹੈ। ਸ਼ਹੀਦਾਂ ਸਿੰਘਾਂ ਨੇ ਘੇਰਿਆ ਹੈ

"ਪਹਿਲਾਂ ਵਾਅਦਾ ਕਰ", ਵਹਿਮੀ ਜੀ ਤਰਸ ਵਿਚ ਆ ਕੇ ਕਿਹਾ। "ਮਾਸ, ਸ਼ਰਾਬ, ਮਾੜੀ ਸੰਗਤ, ਮਾੜੀਆਂ ਕਰਤੂਤਾਂ...ਇਨ੍ਹਾਂ ਦਾ ਤਿਆਗ ਕਰ...ਭਜਨ ਬੰਦਗੀ ਵਾਲਾ ਬਣ।"

ਉਸ ਤੌਬਾ ਕੀਤੀ। ਅਗਲਾ ਜੀਵਨ, ਸਾਧਾਂ ਵਾਂਗ ਜੀਵਿਆ।

ਸਤਿਗੁਰ ਮੇਰਾ ਤਾਣੁ ਦੀਬਾਣੁ॥
ਸਤਿਗੁਰ ਮੇਰਾ ਘਰਿ ਦੀਬਾਣੁ॥

ਸਤਿਗੁਰ ਮੇਰਾ ਸਿਰਮੌਰ ਜੱਜ !

ਸੰਨ 1940 ਦਾ ਸਮਾਂ। ਪੰਜਾਬ ਅਸੈਂਬਲੀ ਚੋਣ ਦੀ ਸਰਗਰਮੀ ਭਰਿਆ ਸਮਾਂ ਸੀ। ਸਤਿਗੁਰ ਸੱਚੇ ਪਾਤਸ਼ਾਹ ਚਾਹੁੰਦੇ ਸਨ, ਕਾਂਗਰਸ, ਕਾਮਰੇਡ ਤੇ ਅਕਾਲੀ ਮਿਲ ਕੇ ਚੋਣ ਲੜਣ ਤਾਂ ਜੋ ਸਾਡੇ ਮੈਂਬਰ ਵੱਧ ਤੋਂ ਵੱਧ ਜਿੱਤਣ। ਇਸੇ ਮੰਤਵ ਨਾਲ ਇਕ ਸਾਂਝੀ ਸਿਆਸੀ ਸਭਾ, ਪਟਿਆਲਾ ਰਾਜ ਮਹਿਲ ਦੇ ਵਿਚ ਰੱਖੀ ਗਈ। ਪਟਿਆਲਾ ਰਾਜ ਦੇ ਮਹਾਰਾਜਾ ਯਾਦਵਿੰਦਰ ਸਿੰਘ, ਨਾਭਾ ਤੋਂ ਟਿੱਕਾ ਰਿਪੁਦਮਨ ਸਿੰਘ, ਜੀਂਦ, ਕਪੂਰਥਲਾ ਦੇ ਰਾਜੇ, ਕਾਂਗਰਸ, ਕਮਿਊਨਿਸਟ, ਅਕਾਲੀ ਪਾਰਟੀਆਂ ਦੇ ਲੀਡਰ ਅਤੇ ਮੁਖੀ ਸੱਜਣਾਂ ਦੀ ਇਕੱਤਰਤਾ ਹੋਈ। ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ, ਵਿਸ਼ੇਸ਼ ਚੇਅਰ 'ਤੇ, ਬਤੌਰ ਮੁੱਖ ਆਯੋਜਕ ਬਿਰਾਜਮਾਨ ਸਨ। ਸਮੱਸਤ ਰਾਜੇ, ਮਹਾਰਾਜੇ, ਸਿਆਸਤਦਾਨ-ਸਤਿਗੁਰ ਜੀ ਅੱਗੇ ਨਤਮਸਤਕ ਹੋ ਕੇ ਆਪਣੀ ਸੀਟ 'ਤੇ ਬੈਠਦੇ। ਉਹ ਸ਼ਾਹ ਦਰਵੇਸ਼ ਸਤਿਗੁਰ ਲਈ, ਭਗਤ ਕਬੀਰ ਜੀ ਕਹਿੰਦੇ ਹਨ-

ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥

ਸਿਖਰ ਦਾ ਸ਼ਾਹ...ਸਿਖਰ ਦਾ ਦਰਵੇਸ਼ !

ਸੰਨ 1889 ਦਾ ਪ੍ਰਕਾਸ਼...25 ਸਾਲ ਦੀ ਉਮਰ, 1914 ਈ. ਵਿਚ ਅਨੰਦ ਕਾਰਜ, ਮਾਤਾ ਭੁਪਿੰਦਰ ਕੌਰ ਨਾਲ ਹੋਇਆ। 35 ਸਾਲ ਦੀ ਪੂਰੀ ਜਵਾਨੀ ਵਿਚ ਜੀਵਨ ਸਾਥਣ ਸਾਥ ਛੱਡ ਗਈ। ਸੰਨ 1920, ਸ੍ਰੀ ਸਤਿਗੁਰ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਹੋਇਆ...1924 ਵਿਚ ਸ੍ਰੀ ਮਹਾਰਾਜ ਬੀਰ ਸਿੰਘ ਜੀ ਹੋਏ। ਸੂਤਕ ਵਿੱਚ ਬੁਖਾਰ ਚੜ੍ਹਿਆ। ਵੈਦਾਂ-ਡਾਕਟਰਾਂ ਦਾ ਉਪਚਾਰ ਕੰਮ ਨਾ ਆਇਆ। ਬੁਖਾਰ ਵਿਗੜ ਕੇ ਤਪਦਿਕ ਵਿਚ ਤਬਦੀਲ ਹੋ ਗਿਆ। ਉਦੋਂ ਤਪਦਿਕ (ਟੀ.ਬੀ.) ਲਾਇਲਾਜ ਰੋਗ ਹੁੰਦਾ ਸੀ। 29 ਭਾਦੋਂ ਸੰਨ 1924 ! ਸੇਵਕ ਨੇ ਸਤਿਗੁਰ ਜੀ ਨੂੰ ਸੁਨੇਹਾ ਦਿੱਤਾ, ਮਾਤਾ ਜੀ ਔਖੇ ਸਾਹ ਲੈ ਰਹੇ ਹਨ। ਸਤਿਗੁਰ ਜੀ ਕੋਠੀ ਵੱਲ ਹੋਏ। ਮਾਤਾ ਜੀ ਦੇ ਬੁਝਦੇ ਹੋਏ ਨੇਤਰਾਂ ਨੂੰ ਮਾਹੀ ਦੀ ਉਡੀਕ ਸੀ। ਕੋਲ ਹੀ, ਇਕ ਤਖ਼ਤ 'ਤੇ ਸੂਬਾ ਮੀਹਾ ਸਿੰਘ ਜੀ, ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸੀ। ਸੂਬਾ ਮੀਹਾ ਸਿੰਘ, ਮਾਤਾ ਜੀ ਦੇ ਭਾਈ ਲਗਦੇ ਸੀ। ਸਤਿਗੁਰ ਜੀ, ਦਰਵਾਜ਼ੇ ਥਾਣੀਂ ਅੰਦਰ ਦਾਖਲ ਹੋਏ। ਬੁਝਦੀ ਲੋਅ ਵਿਚ, ਜਿਵੇਂ ਇਕ ਵਾਰ ਚਮਕ ਆਈ। ਨੇਤਰਾਂ ਨਾਲ ਹੀ ਸਤਿਗੁਰ ਜੀ ਤੋਂ ਵਿਦਾਇਗੀ ਮੰਗੀ। ਸਤਿਗੁਰ ਜੀ ਨੇ ਪਿਆਰ ਨਾਲ ਸਿਰ 'ਤੇ ਹੱਥ ਫੇਰਿਆ...ਨਾਲ ਹੀ ਹੱਥਾਂ ਨਾਲ ਖੁੱਲੀਆਂ ਬੇਜਾਨ ਨੇਤਰਾਂ ਦੀਆਂ ਪਲਕਾਂ ਬੰਦ ਕਰ ਦਿੱਤੀਆਂ। ਉਹ ਨੇਤਰ ਫਿਰ ਨਾ ਖੁੱਲੇ। ਮਗਰੋਂ, ਸੂਬਿਆਂ, ਸੇਵਕਾਂ ਅੱਗੇ ਕਈ ਸਿੱਖਾਂ ਨੇ, ਸਤਿਗੁਰ ਜੀ ਦੀ ਸੇਵਾ ਵਿਚ, ਆਪਣੀਆਂ ਲੜਕੀਆਂ ਦਾ

ਨਾਤਾ ਦੇਣ ਲਈ ਪੇਸ਼ਕਸ਼ ਕੀਤੀ। ਪਰ ਦੁਨੀਆਂ ਤੋਂ ਨਿਵੇਕਲਾ, ਉਹ ਸ਼ਾਹ ਦਰਵੇਸ਼ ਬਚਨ ਕਰਦੇ, ਸਤਿਗੁਰ ਰਾਮ ਸਿੰਘ ਸੱਚੇ ਪਾਤਸ਼ਾਹ ਦੀ ਸਿੱਖੀ...ਇਹ ਫੁਲਵਾੜੀ...ਦੇਸ਼ ਦੀ ਆਜ਼ਾਦੀ ਦਾ ਸੰਕਲਪ, ਮੈਨੂੰ ਹੋਰ ਪਰਿਵਾਰ ਬਣਾਉਣ ਦੀ ਆਗਿਆ ਨਹੀਂ ਦਿੰਦਾ।

ਸੰਨ 1952 ਵਿਚ, ਰੰਗੂਨ ਦਾ ਦੌਰਾ ਹੋਇਆ। ਸਮੁੰਦਰੀ ਜਹਾਜ਼ ਜਦੋਂ ਕਲਕੱਤਾ ਸੀ-ਪੋਰਟ ਤੋਂ ਟੁਰਿਆ ਤਾਂ ਸਤਿਗੁਰ ਚੁੱਪ ਚੁਪੀਤੇ ਆਪਣੇ ਥਾਂ ਤੋਂ ਉੱਠੇ...ਜਹਾਜ਼ ਦੇ ਉਪਰ ਡੈੱਕ 'ਤੇ ਰੇਲਿੰਗ ਲੱਗੀ ਰੱਡ ਨੂੰ ਫੜ ਕੇ ਖਲੋ ਗਏ। ਜਹਾਜ਼ ਅੱਗੇ ਵਧ ਰਿਹਾ ਸੀ...ਕਿਨਾਰੇ ਦੇ ਘਰ ਮਕਾਨ, ਲੰਘੀ ਜਾ ਰਹੇ ਸਨ। ਸਤਿਗੁਰ ਜੀ ਦੇ ਨੇਤਰਾਂ 'ਚੋਂ ਅਵਿਰਲ ਜਲ ਵਗ ਰਿਹਾ ਸੀ। ਸੰਤ ਨਿਧਾਨ ਸਿੰਘ ਆਲਮ ਕੋਲ ਆਏ ਖਲੋਤੇ। ਕੀ ਗੱਲ...ਗਰੀਬ ਨਿਵਾਜ਼ !

ਆਲਮ ਜੀ ! ਇਸੇ ਰਾਹ ਅੰਗਰੇਜ਼ 'ਸਤਿਗੁਰ ਜੀ' ਨੂੰ ਪਰਦੇਸ ਲੈ ਗਏ ਹੋਣਗੇ। ਤਿੰਨ ਦਿਨ ਦਾ ਸਮੁੰਦਰੀ ਸਫ਼ਰ..ਭੁੱਖੇ-ਭਾਣੇ ਕਿਵੇਂ ਲੰਘਾਇਆ ਹੋਵੇਗਾ ? ਉਸ ਜਹਾਜ਼ ਵਿਚ, ਕੁਝ ਗਊਵਾਂ ਲੈ ਕੇ ਵੇਚਣ ਲਈ ਗੁੱਜਰ, ਬਰਮਾ ਜਾ ਰਹੇ ਸਨ। ਉਨ੍ਹਾਂ ਗਊਵਾਂ ਦਾ ਚੁਵਾਵਾਂ ਦੁੱਧ ਜਹਾਜ਼ ਵਿਚ ਲੋੜ ਤੋਂ ਵਾਧੂ ਮਿਲ ਜਾਂਦਾ ਸੀ। ਸਤਿਗੁਰ ਪਾਤਸ਼ਾਹ ਕਹਿੰਦੇ, ਆਲਮ ਜੀ ਅੱਜ ਸਾਰੀਆਂ ਸਹੂਲਤਾਂ...ਲੰਗਰ ਪਾਣੀ ਆਪ ਤਿਆਰ ਕਰਨ ਦੀ ਖੁੱਲ੍ਹ ਹੈ, ਨਾਲ ਸੰਗਤ ਹੈ..ਸਦ ਸਮੱਗਰੀ ਹੈ। ਉਸ ਵੇਲੇ ਬਤੌਰ ਕੈਦੀ...ਹਕੂਮਤ ਸਖ਼ਤ ਪਹਿਰੇ ਵਿਚ, ਭੁੱਖੇ ਭਾਣੇ ਇਸੇ ਰਾਹ ਲੰਘ ਗਏ ਹੋਣਗੇ।

ਰੰਗੂਨ, ਉਧਰੋਂ ਥਾਈਲੈਂਡ ਦੀ ਸੰਗਤ ਵੀ ਆਈ ਸੀ। ਉਹ ਬੰਦੀ ਘਰ...ਉਹ ਬੰਗਲਾ ਵੇਖਿਆ ਤਾਂ ਵੈਰਾਗੀ ਹੋ ਗਏ। ਹੰਝੂ ਭਰੇ ਨੇਤਰਾਂ ਨਾਲ, ਉਹ ਕਮਰਾ...ਖੂਹ, ਉਹ ਬਿਰਖ, ਜਿਸ ਹੇਠ ਬਹਿ ਕੇ ਸਿਮਰਨ ਕਰਦੇ...

ਸੰਨ 1958 ਵਿਚ, ਪੂਰਬੀ ਅਫ਼ਕੀਰਾ ਦਾ ਦੌਰਾ ਹੋਇਆ। ਇਹ ਸਤਿਗੁਰ ਜੀ ਦਾ ਅਖੀਰਲਾ ਦੌਰਾ ਸੀ। ਸਮੁੰਦਰੀ ਜਹਾਜ਼ ਦਾ ਸਫ਼ਰ ਸੀ। ਅਦਨ ਬੰਦਰਗਾਹ 'ਤੇ ਜਹਾਜ਼ ਨੇ ਪੜਾਅ ਕੀਤਾ। ਕਪਤਾਨ ਨੇ ਘੋਸ਼ਣਾ ਕੀਤੀ, "ਜ਼ਰੂਰੀ ਮੁਰੰਮਤ ਹਿੱਤ ਜਹਾਜ਼ ਇਕ ਦਿਨ ਇਥੇ ਹੀ ਰੁਕੇਗਾ।" ਸਤਿਗੁਰ ਜੀ ਬਚਨ ਕੀਤਾ, ਸੰਤ ਜੀ ! ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ ਹੁਰਾਂ ਨੂੰ, ਗੋਰਿਆਂ ਨੇ ਇਥੇ ਹੀ ਤਿੰਨ ਸਾਲ ਨਜ਼ਰਬੰਦ ਰੱਖਿਆ ਸੀ...ਆਉ ਉਹ ਥਾਂ ਦੇ ਦਰਸ਼ਨ ਕਰ ਆਈਏ। ਉਸ ਵੱਡੀ ਜੇਲ੍ਹ ਦੇ ਅੰਦਰ ਭੀੜੀਆਂ ਬੈਰਕਾਂ ਵੇਖੀਆਂ। ਗਰਮ ਰੁੱਤ ਵਿਚ 55 ਡਿਗਰੀ ਦੀ ਭਿਆਨਕ ਤਪਸ਼ ਵਿਚ, ਇਨ੍ਹਾਂ ਬੈਰਕਾਂ ਵਿਚ ਕਿੰਨੇ ਔਖੇ ਤਿੰਨ ਸਾਲ ਕੱਟੇ ਹੋਣਗੇ। ਸਰੀਰ ਅਤਿ ਕਮਜ਼ੋਰ ਹੋ ਗਿਆ। ਰੋਗ ਲੱਗ ਗਿਆ...ਪਰ ਸਿੱਖਾਂ ਦਾ ਸਿਦਕ ਨਹੀਂ ਡੋਲਿਆ। ਅੱਖਾਂ, ਹੰਝੂਆਂ ਨਾਲ ਭਰੀਆਂ ਹੋਈਆਂ...ਆਵਾਜ਼ ਭਰੀ ਹੋਈ...ਰੁੱਗ ਭਰਿਆ ਗਿਆ। ਬਸ ਵਾਰ ਵਾਰ ਉਸ ਥਾਂ ਨੂੰ ਨਮਸਕਾਰ ਕਰਦੇ ਰਹੇ।

ਸੰਨ 1933 ! ਹਜ਼ਰੋਂ ਤੋਂ ਬਾਬੇ ਵਜੀਰੇ ਨੇ ਬਹੁਤ ਵਿਰਾਗ ਵਿਚ, ਸਤਿਗੁਰ ਸੱਚੇ ਪਾਤਸ਼ਾਹ ਜੀ ਨੂੰ ਪੱਤਰ ਭੇਜਿਆ। ਬੇਨਤੀ ਕੀਤੀ, ਕਿਰਪਾ ਕਰੋ...ਬਸੰਤ ਦਾ ਮੇਲਾ ਹਜ਼ਰੋ ਕਰੋ। ਸੰਗਤ ਦੀਦਾਰ ਨੂੰ ਲੋਚਦੀ ਹੈ।

ਸਤਿਗੁਰ ਜੀ ਵੱਡਾ ਜੱਥਾ ਲੈ ਕੇ ਚਾਲੇ ਪਾਏ। ਗੁਜਰਾਂਵਾਲਾ, ਸਿਆਲਕੋਟ, ਰਾਵਲਪਿੰਡੀ ਹੁੰਦੇ ਹੋਏ ਕੈਮਲਪੁਰ ਪਹੁੰਚੇ। ਸੰਤ ਇੰਦਰ ਸਿੰਘ ਚਕ੍ਰਵਰਤੀ, ਸੰਤ ਨਿਧਾਨ ਸਿੰਘ ਆਲਮ ਜੀ, ਸੰਤ ਬਹਾਦਰ ਸਿੰਘ, ਢੋਲਕੀਆ ਇੰਦਰ ਸਿੰਘ, ਹੋਰ ਸਿਆਲਕੋਟ, ਰਾਵਲਪਿੰਡੀ ਤੋਂ ਵੀ ਸੰਗਤ ਨਾਲ ਰਲ ਗਈ ਸੀ।

ਕੁਝ ਮਹੀਨੇ ਪਹਿਲਾਂ ਕੈਮਲਪੁਰ ਇਕ ਦੁਖਦ ਘਟਨਾ ਘਟ ਗਈ ਸੀ। ਇਥੋਂ ਦੇ ਬਾਬੇ ਸੰਗਤੇ ਨੂੰ, ਸਤਿਗੁਰ ਬਾਲਕ ਸਿੰਘ ਜੀ ਨੇ ਮੰਜੀ ਬਖ਼ਸ਼ੀ ਸੀ। ਇਕ ਚੰਗਾ ਵੱਡਾ ਗੁਰਦੁਆਰਾ ਵੀ ਬਣਿਆ ਸੀ। ਸਵੇਰ-ਸ਼ਾਮ ਕੀਰਤਨ ਕਥਾ ਦਾ ਪ੍ਰਵਾਹ ਚੱਲਦਾ... ਅਟੁੱਟ ਲੰਗਰ ਵਰਤਦਾ। ਬਾਬੇ ਸੰਗਤੇ ਦੀ ਦੇਹ ਸ਼ਾਂਤ ਹੋਈ ਤਾਂ ਬਾਬਾ ਲਛਮਣ ਦਾਸ ਗੱਦੀ 'ਤੇ ਬਿਰਾਜਮਾਨ ਹੋਏ।

ਸੰਨ 1925 ਵਿਚ ਗੁਰਦੁਆਰਾ ਸੁਧਾਰ ਲਹਿਰ ਦੀ ਸਫਲਤਾ ਮਗਰੋਂ, ਅਕਾਲੀ ਬਹੁਤ ਉਤਸ਼ਾਹ ਵਿਚ ਹੈ ਸਨ। ਹਰ ਥਾਂ ਸ਼ਹਿਰ, ਕਸਬਿਆਂ ਵਿਚ ਇਕੱਤਰਤਾ ਹੁੰਦੀ। ਬਾਬੇ ਲਛਮਣ ਦਾਸ ਤੋਂ, ਕੁਝ ਲੀਡਰ ਸਾਹਿਬਾਨ ਆਦਿ ਨੇ, ਇਕ ਦਿਨ ਲਈ ਸਮਾਗਮ ਵਿਚ ਗੁਰਦੁਆਰਾ ਦੀ ਇਜਾਜ਼ਤ ਮੰਗੀ। ਮੰਜ਼ੂਰੀ ਮਿਲ ਗਈ। ਸਮਾਗਮ ਹੋਇਆ। ਸਮਾਪਤੀ ਦੀ ਅਰਦਾਸ, ਬਾਬਾ ਲਛਮਣ ਦਾਸ ਨੇ ਕੀਤੀ। ਅਰਦਾਸ ਵਿਚ ਦਸਮ ਪਾਤਸ਼ਾਹ ਤੋਂ ਅੱਗੇ, ਸਤਿਗੁਰ ਬਾਲਕ ਸਿੰਘ, ਸਤਿਗੁਰ ਰਾਮ ਸਿੰਘ ਅਤੇ ਨਾਲ ਹੀ ਬਾਬਾ ਸੰਗਤਾ ਜੀ ਦਾ ਨਾਂ ਵੀ ਲਿਆ। ਅਕਾਲੀ ਲੀਡਰਾਂ ਨੇ ਇਤਰਾਜ਼ ਕੀਤਾ। ਵਿਰੋਧਤਾ ਹਿੰਸਾ ਵਿਚ ਤਬਦੀਲ ਹੋ ਗਈ... ਬਾਬਾ ਲਛਮਣ ਦਾਸ ਦਾ ਕਤਲ ਹੋ ਗਿਆ। ਸਤਿਗੁਰ ਜੀ ਕੈਮਲਪੁਰ, ਉਸੇ ਗੁਰਦੁਆਰੇ ਉਤਾਰਾ ਕੀਤਾ।

**ਬਾਕੀ ਸਫਾ ਨੰ 32 'ਤੇ**

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਤੇ ਸਕੱਤਰ ਸੂਚਨਾ ਦਿੱਤੀ—ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸਕੂਲ ਦਾ 17.4.87 ਨੂੰ ਕਲਾਸਾਂ ਦੇ ਤੌਰ ਤੇ ਉਦਘਾਟਨ ਹੋਇਆ। 61 ਬੱਚਿਆਂ ਦੇ ਸਾਹਵੇਂ ਸਤਿਗੁਰੂ ਜੀ ਨੇ ਸ਼ੁਭ ਸ਼ਬਦ ਬਲੈਕ ਬੋਰਡ ਤੇ ਲਿਖੇ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

8 ਵੈਸਾਖ 2077 ਅਤੇ ਇਹ ਸਕੂਲ ਦੇ ਬੱਚਿਆ ਦਾ ਉਦਘਾਟਨ ਸੀ। ਸਾਰੇ ਹੀ ਸੰਗੀਤ ਰਸੀਏ ਸਤਿਗੁਰੂ ਜੀ ਦੀ ਇਸ ਨਵ ਕਲਾਕਾਰੀ ਜਿੰਨ੍ਹਾ ਪਹਿਲਾਂ ਕਦੇ ਇਸਤਰਾਂ ਦਿਲਰੁਬਾ ਦੀ ਵਰਤੋਂ ਨਹੀਂ ਦੇਖੀ। ਪ੍ਰਸੰਨਤਾ, ਖੁਸ਼ੀ ਤੇ ਉਤਸ਼ਾਹ ਨਾਲ ਸਿਰ ਹਿੱਲਣ ਲੱਗੇ। ਉਸਤਤੀ ਸ਼ਬਦ ਦਾਦ ਰੂਪ ਵਿੱਚ ਕਹਿਣ ਲੱਗੇ। ਇਸ ਮੌਕੇ ਸੁਖਵਿੰਦਰ ਸਿੰਘ ਪਿੰਕੀ ਤਬਲੇ ਦੀ ਸੰਗਤ ਦੇ ਰਿਹਾ ਸੀ। ਇਸ ਜਵਾਨ ਦੀ ਹਥੇਲੀ ਤੇ ਉਗਲਾਂ ਵਿੱਚ ਹੀ ਜਿਵੇਂ ਸਾਰੀ ਸ਼ਕਤੀ ਇਕੱਤਰ ਹੋਵੇ। ਉਹ ਹਰ ਕਿਸੇ ਦਾ ਧਿਆਨ ਆਪਣੇ ਵੱਲ ਖਿੱਚ ਰਿਹਾ ਸੀ। 15 ਮਿੰਟ ਦੀ ਹੋਈ ਇਸ ਕਮਾਲ ਦੀ ਤਰਬਕਾਰੀ ਤੇ ਬੀਬੀਆਂ ਬੜੀਆਂ ਮੰਤਰ ਮੁਗਧ ਹੋਈਆਂ। ਮਾਂਵਾਂ ਧੀਆਂ ਨੂੰ ਸਤਿਗੁਰੂ ਜੀ ਸੰਬੋਧਿਤ ਹੋਏ ਆਪ ਜੀ ਨੇ ਕਿਹਾ- ਇਹ ਪ੍ਰੀਤਮ ਸਿੰਘ ਕਵੀ ਹਨ, ਮੇਰੇ ਨਾਲ ਪੜ੍ਹਦੇ ਰਹੇ ਹਨ। ਬਹੁਤ ਸਮਾਂ ਇਹਨਾਂ ਨੇ ਸੀ. ਪੀ. ਆਈ. ਵਿਚ ਵੀ ਕੰਮ ਕੀਤਾ ਹੈ। ਨਵਾਂ ਜ਼ਮਾਨਾ ਦੇ ਇੰਚਾਰਜ ਵੀ 10 ਸਾਲ ਰਹੇ ਹਨ। ਹੁਣ ਮੇਰੇ ਨਾਲ ਰਹਿੰਦੇ ਹਨ ਅਤੇ ਲਿਖਦੇ ਹਨ।

ਬੀਬੀਆ ਬਾਬਤ ਮੈਂ ਜਾਣਕਾਰੀ ਲਈ । ਅੰਜਲੀ ਸ਼ਰਮਾ ਸੱਭਿਆਚਾਰਕ ਖੇਤਰ ਦੇ ਆਲੋਚਕ ਹਨ। ਨਵ- ਭਾਰਤ , ਜਨ ਸਭਾ ਅਤੇ ਇੰਡੀਆਂ ਟੂਡੇ ਆਦਿ ਪੱਤਰਾਂ ਲਈ ਲਿਖਦੇ ਹਨ। ਨਾਲ ਉਹਨਾਂ ਦੀ ਧੀ ਸੀ ਸ਼ੋਭਾ। ਮਾਂ ਦੇ ਕੇਸ ਕਾਂਟਵੇਂ ਤੇ ਧੀ ਦੀ ਲਮਕਦੀ ਗੁੱਤ। ਦੋਵੇਂ ਹੀ ਸੰਗੀਤ ਪਾਰਖੂ ਸਨ।

ਬਲਜੀਤ ਸਿੰਘ ਨੇ ਸਤਿਗੁਰੂ ਜੀ ਨੂੰ ਫਰਮਾਇਸ਼ ਪਾਈ- ਹੁਣ ਗਾਉਣ ਦੀ ਕਿਰਪਾ ਵੀ ਕਰੋ ਜੀ। ਜਿਵੇਂ ਸਤਿਗੁਰੂ ਜੀ ਪਹਿਲਾਂ ਹੀ ਤਿਆਰ ਹੋਣ। ਕਰੁਣਾ ਨਿਧਾਨ ਤੋਂ ਲੈ ਕੇ ਬ੍ਰਿਦੁਲ- ਬਲਨ- ਬਲਤਾ ਤੇ ਅਨੇਕਾਂ ਹੋਰ ਨਵੀਆਂ ਬੰਦਿਸ਼ਾਂ ਦਾ ਭੰਡਾਰ ਖੁੱਲ ਗਿਆ। ਨਵੇਂ ਆਏ ਖਾਨ ਸਾਹਿਬ ਤੇ ਹੋਰ ਸੰਗੀਤ ਰਸੀਏ ਗੁਆਚੇ ਬੈਠੇ ਸਨ ਅਸਚਰਜਤਾ ਦੇ ਖੇਤਰ ਵਿੱਚ। ਸਤਿਗੁਰੂ ਜੀ ਦੀ ਮਰਦਾਂਵੀ ਸੁਰ ਸਾਰੇ ਹਾਲ ਵਿੱਚ ਛਾਂ-ਛਾਂ ਜਾਂਦੀ। ਬਲਜੀਤ, ਸੋਹਨ ਤੇ ਸੁਖਦੇਵ ਸਾਥ ਦਿੰਦੇ ਤੇ ਤਬਲਾ ਪਿੰਕੀ ਦਾ ਕਮਾਲ ਕਰਦਾ।

ਬੀਬੀਆਂ ਨੇ 10 ਵਜੇ ਵਿਦਾ ਲੈ ਲਈ। ਇੱਧਰ ਇੱਕ ਦੂ ਇੱਕ ਚੜ੍ਹੰਦੀਆਂ ਵਾਲੀ ਗੱਲ ਹੋ ਗਈ। ਰਾਤ ਦੇ 11 ਵੱਜੇ ਤੇ ਸਤਿਗੁਰੂ ਜੀ ਨੇ ਚਰਨਾਂ ਵਿੱਚ ਪਉਏ ਪਾ ਲਏ ਜਿਸਦਾ ਮਤਲਬ ਸੀ ਹੁਣ ਸਮਾਪਤੀ।

ਉਠਕੇ ਪ੍ਰਸ਼ੰਸਤਾਮਕ ਗੱਲਾਂ ਹੋਣ ਲੱਗੀਆਂ ਤਾਂ ਸ੍ਰੀ ਰਾਜਨ ਨੇ ਸਰਫਰਾਜ਼ ਨੂੰ ਦੱਸਿਆ ਕਿ ਪਿਛਲੇ ਦਸ ਸਾਲ ਤੋਂ ਉਹਨਾਂ ਨੂੰ ਸਤਿਗੁਰੂ ਜੀ ਦੀ ਸੰਗਤ ਕਰਨ ਦਾ ਸੁਭਾਗ ਮਿਲ ਰਿਹਾ ਹੈ। ਅਸੀਂ ਇਸ ਭੰਡਾਰ ਵਿੱਚੋਂ ਹਰ ਸਾਲ 10-12 ਨਵੀਆਂ ਹੀ ਬੰਦਿਸ਼ਾਂ ਸੁਣੀਆਂ ਹਨ।

ਮੈਂ ਵੇਖਿਆ 2 ਵਾਰ ਉਸਤਾਦ ਹਰਭਜਨ ਸਿੰਘ ਅਤੇ ਇੱਕ ਵਾਰ ਪਿੰਕੀ ਨੂੰ ਸਤਿਗੁਰੂ ਜੀ ਨੇ ਆਪਣਾ ਗਜ਼ ਉਠਾ ਕੇ

ਮੌਢੇ ਤੇ ਥਾਪੜਾ ਦਿੱਤਾ। ਸਤਿਗੁਰੂ ਜੀ ਅੱਜ ਵਿਸ਼ੇਸ਼ ਪ੍ਰਸੰਨ ਸਨ। ਬੀਬੀ ਅੰਜਲੀ ਸ਼ਰਮਾ ਨੂੰ ਇੱਕ ਵਾਰ ਸਤਿਗੁਰੂ ਜੀ ਨੇ ਹਰਭਜਨ ਸਿੰਘ ਦੀ ਸੰਗੀਤ ਰਚਨਾ ਨੂ ਸੁਰਬੱਧ ਕਰਕੇ ਵੱਡਾ ਸਹਾਇਕ ਦੱਸਿਆ।

ਮੈਂ ਸ੍ਰੀ ਸਤਿਗੁਰੂ ਜੀ ਨੂੰ ਅਨੁਰਾਗਸਰੀਆਂ ਤੋਂ ਪੁੱਛਕੇ ਦੱਸ ਦਿੱਤਾ ਕਿ ਉਹ ਕੇਵਲ ਆਸ਼ਿੰਕ ਰੂਪ ਵਿੱਚ 2-3 ਸੌ ਰੁਪਏ ਦਾ ਆਂਦੇ ਹਨ। ਸਤਿਗੁਰੂ ਜੀ ਬਚਨ ਕੀਤਾ ਕਿ ਹੋ ਜਾਇਆ ਕਰੇਗਾ। ਇਹ ਕੋਈ ਬਹੁਤਾ ਨਹੀਂ ਹਰ ਮਹੀਨੇ ਉਹਨਾਂ ਦੇ ਘਰ ਪਹੁੰਚ ਜਾਇਆ ਕਰੇਗਾ। ਜਦੋਂ ਮੈਂ ਕੋਠੀਉਂ ਬਾਹਰ ਨਿਕਲਿਆ ਤਾਂ ਅੱਗੇ ਸੰਤ ਮਹਿੰਦਰ ਸਿੰਘ ਬਾਲੀ ਨਗਰ ਸਮੇਤ ਪਰਿਵਾਰ ਗੱਡੀ ਲੈ ਕੇ ਖੜੇ ਸਨ। ਉਹ ਵੀ ਕਿਸੇ ਵੇਲੇ ਸੰਗੀਤ ਸਭਾ ਵਿੱਚ ਆ ਬੈਠੇ ਸਨ। ਉਹਨਾਂ ਨੇ ਮੈਨੂੰ ਗੱਡੀ ਵਿੱਚ ਬਹਾਲਿਆ ਤੇ 11.15 ਤੱਕ ਮੈਂ ਘਰ ਸਾਂ। ਅਜੇ ਮੈਂ ਪ੍ਰਸ਼ਾਦ ਛਕਣਾ ਸੀ।

**22 ਅਪਰੈਲ 1987 ,**

**ਬੁੱਧਵਾਰ**

ਮੈਨੂੰ ਰਾਤ ਹੀ ਪਤਾ ਲੱਗਿਆ ਸੀ ਕਿ ਅੱਜ ਦੀ ਆਸਾ ਦੀ ਵਾਰ ਸਾਹਿਬਪੁਰੇ .. ਨਾਮਧਾਰੀ ਧਰਮਸ਼ਾਲਾ ਵਿੱਚ ਹੈ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਰਤਨ ਹੋਵੇਗਾ। ਸੋ ਮੈਂ ਅੱਜ 9.15 ਵਜੇ ਦਿਨੇ ਹੀ ਕੋਠੀ ਪੂਸਾ ਰੋਡ ਪੁੱਜਾ। ਸਾਰੀ ਕੋਠੀ ਵਿੱਚ ਕੋਈ ਵੀ ਗੱਡੀ ਨਹੀਂ ਸੀ। ਇਉਂ ਜਾਪਦਾ ਸੀ ਕਿ ਸਤਿਗੁਰੂ ਜੀ ਅਜੇ ਸਾਹਿਬਪੁਰੇ ਨਹੀਂ ਸਨ ਪਹੁੰਚੇ। ਆਮ ਦਰਸ਼ਨਾਰਥੀ ਵੀ ਕੋਈ ਨਹੀਂ ਸੀ। ਪੌੜੀਆਂ ਚੜ੍ਹ ਮੈਂ ਅੰਗ- ਰੱਖਿਅਕ ਤੋਂ ਪੁੱਛਿਆ ਤਾਂ ਮਾਲੂਮ ਹੋਇਆਂ ਕਿ ਸਤਿਗੁਰੂ ਜੀ ਅਜੇ ਬਿਰਾਜ ਰਹੇ ਹਨ। ਮੈਂ ਅਛੋਪਲੇ ਹੀ ਬੈਠਣ ਕਮਰੇ ਵਿੱਚ ਲੰਘ ਗਿਆ। ਸੰਤ ਬਲਦੇਵ ਸਿੰਘ ਦੀ ਦਹਾੜ ਨੇ ਮੈਂਨੂੰ ਇਸ਼ਾਰਾ ਦਿੱਤਾ। ਸਤਿਗੁਰੂ ਜੀ ਦੂਜਾ ਇਸ਼ਨਾਨ ਕਰ ਰਹੇ ਹੋਣਗੇ। ਮੇਂ ਸੋਚਿਆ। ਅਦਰੋਂ ਨਿਕਲਦੇ ਹੀ ਸੰਤ ਤਰਸੇਮ ਸਿੰਘ ਨੇ ਨਮਸਕਾਰ ਆਕੇ ਕਰਨ ਦੀ ਹਰੀ ਝੰਡੀ ਕਰ ਦਿੱਤੀ। ਸੱਚੇ ਪਾਤਸ਼ਾਹ ਜੀ ਸੌਧ ਦੇ ਬਸਤਰਾਂ ਵਿੱਚ ਸੁਸੱਜਿਤ ਬਿਸਤਰ ਤੇ ਚਰਨ ਪਉਏ ਤੇ ਪੂੰਝੇ ਹੋਏ ਰੱਖ ਕੇ ਬੈਠੇ ਸਨ। ਨਮਸਕਾਰ ਦੇ ਉੱਤਰ ਨਾਲ ਹੀ ਰਾਤ ਦੀ ਸੰਗੀਤ ਬੈਠਕ ਤੇ ਚਰਚਾ ਹੋ ਗਈ। ਕਲਾਕਾਰ ਸਰਫਰਾਜ਼ ਖਾਂ ਬਾਰੇ ਮੇਰੇ ਵਿਚਾਰਾਂ ਨਾਲ ਸਤਿਗੁਰੂ ਜੀ ਨੇ ਸਹਿਮਤੀ ਪਰਗਟ ਕੀਤੀ ਅਤੇ ਇੰਨੇ ਚਿਰ ਨੂੰ ਤਿੰਨ ਸਰੀਰ ਅੰਦਰ ਆ ਕੇ ਨਮਸਕਾਰ ਕਰਕੇ ਬੈਠ ਗਏ। ਇਹ ਸਨ ਕਰੋਲ ਬਾਗ ਦੇ ਸੰਤ ਸਰਮ ਸਿੰਘ ਅਤੇ ਇਹਨਾਂ ਦੇ ਦੋਵੇਂ ਲੜਕੇ ਸ. ਤਰਨਜੀਤ ਸਿੰਘ ਅਤੇ ਸ. ਜਗਜੀਤ ਸਿੰਘ। ਪਿਛਲਾ ਯੂ.ਕੇ. ਦੇ ਲੰਡਨ ਤੋਂ 40 ਮੀਲ ਦੂਰ ਬੈਡ. ਬੋਰਡ ਵਿੱਚ ਰਹਿੰਦਾ ਹੈ। ਐਮ. ਡੀ. ਹਾਰਟ ਸ਼ਪੈਸ਼ਲਿਸਟ ਹੈ। ਜਗਜੀਤ ਸਿੰਘ ਨੇ ਇੰਗਲੈਂਡ ਵਿੱਚ ਨਾਮਧਾਰੀਆਂ ਨਾਲ ਕੋਈ ਸੰਪਰਕ ਨਹੀਂ ਸੀ ਰੱਖਿਆ ਤਾਂ ਹੀ ਉਸ ਦੀ ਦਾੜ੍ਹੀ ਨੂੰ ਕਾਟ ਲੱਗੀ ਹੋਈ ਸੀ। ਸਤਿਗੁਰੂ ਜੀ ਨੇ ਉਸ ਨੂੰ ਪ੍ਰੇਮ ਪੂਰਵਕ ਘੇਰਿਆ ਤੇ ਕਿਹਾ ਕਿ ਇਹ ਗਲਤੀ ਸੰਪਰਕਾਂ ਤੋਂ ਦੂਰ ਹੋਣ ਕਰਕੇ ਹੀ ਹੋਈ ਹੈ। ਮੇਂ ਪਿਛਲੇ ਦਿਨੀ ਇੱਕ ਹਫਤਾ ਵਲੈਤ ਰਹਿ ਕੇ ਆਇਆ ਹਾਂ ਪਰ ਤੈਨੂੰ ਪਤਾ ਹੀ ਨਹੀਂ ਲੱਗਿਆ। ਸੰਤ ਤਰਸੇਮ ਸਿੰਘ ਨੇ ਉਸ ਦੀ ਹਮਾਇਤ ਭਰੀ । ਇਹ ਸ਼ਰਮਿੰਦਗੀ ਦਾ ਅਹਿਸਾਸ ਕਰਦਿਆ ਹੀ ਇਹ ਆਪ ਜੀ ਦੇ ਦਰਸ਼ਨ ਕਰਨ ਤੋਂ ਝਿਝਕਦਾ ਸੀ। ਹੁਣ ਉਸਤਰੇ ਕੈਂਚੀ ਤੋਂ ਬਚ ਜਾਵੇਗਾ ਆਪ ਜੀ ਦੀ ਕਿਰਪਾ ਨਾਲ।

ਇੰਨੇ ਨੂੰ ਸਰਦਾਰ ਮਨਵਿੰਦਰਵੀਰ ਸਿੰਘ ਵਿੱਕੀ ਜਲੰਧਰ ਦਾ ਵਕੀਲ ਵੀ ਆ ਗਿਆ। ਉਹ ਵੀ ਕੁਸੰਗਤ ਦਾ ਸ਼ਿਕਾਰ ਹੋ ਗਿਆ ਸੀ। ਸਤਿਗੁਰੂ ਜੀ ਨੇ ਉਸ ਨੂੰ ਪਿਆਰ ਕਰਕੇ ਨਾਲ ਲੈ ਆਉਣ ਦੀ ਕਿਰਪਾ ਕੀਤੀ। ਉਸਦੀ ਭੈਣ ਜੀ ਵਾਸਤੇ ਰਿਸਤੇ ਦੀ ਗੱਲ ਚੱਲ ਰਹੀ ਸੀ। ਏਧਰੋਂ ਵਿਹਲੇ ਹੋ ਆਪ ਜੀ ਬਾਹਰ ਨਿਕਲੇ ਤਾਂ ਅੱਗੇ ਸਰਦਾਰ ਸੁਲੱਖਣ ਸਿੰਘ ਮੈਟਰੋਪੋਲੀਟਨ ਕੌਂਸਲਰ ਦੇ ਆਗੂ ਤਾਰਾ ਸਿੰਘ ਦੇ ਮਾਮਾ ਆਪਣੀ ਪੁੱਤਰੀ ਤੇ ਪਤਨੀ ਸਮੇਤ ਖੜੇ ਸਨ। ਪੁੱਤਰੀ ਨੂੰ ਕੋਈ ਸਰੀਰਕ ਤਕਲੀਫ ਸੀ। ਉਹ ਕੱਲ ਵੀ ਆਏ ਸਨ। ਉਨ੍ਹਾਂ ਨੂੰ ਡਾਕਟਤ ਮੂਸਾ ਨੂੰ ਮਿਲਣ ਲਈ ਕਿਹਾ ਗਿਆ। ਸੱਚੇ ਪਾਤਸ਼ਾਹ ਏਥੋਂ ਇਹਨਾਂ ਨੂੰ ਕੁਛ ਆਦੇਸ਼ ਦੇ ਪ੍ਰਸ਼ਾਦਾ ਛਕਣ ਲਈ ਚਲੇ ਗਏ। ਪ੍ਰਸ਼ਾਦਾ ਛਕਣ ਸਮੇਂ ਸੇਠ ਜੀ ਅਤੇ ਅਵਤਾਰ ਸਿੰਘ ਅੰਮ੍ਰਿਤਸਰੀ ਨੂੰ ਖਾਸ ਕਰ ਕੋਲ ਬੁਲਾਇਆ ਜਾਂਦਾ ਹੈ। ਕਈ ਵਾਰ ਪ੍ਰਸ਼ਾਦਾ ਛਕਣ ਦਾ ਅਵਸਰ ਦਿੱਤਾ ਜਾਂਦਾ ਹੈ। ਮੈਂ ਅੱਜ ਜਦੋਂ ਸਕੱਤਰ ਤਰਸੇਮ ਸਿੰਘ ਪਾਸੋਂ ਸਵੇਰ ਦਾ ਪ੍ਰੋਗਰਾਮ ਪੁੱਛਿਆ ਤਾਂ ਉਸ ਦੱਸਿਆ- ਸਵੇਰੇ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਸਾਹਿਬਪੁਰੇ ਸੰਗਤਾਂ ਦੇ ਘਰੀਂ ਚਰਨ ਪਾਉਣ ਨੂੰ ਸਤਿਗੁਰੂ ਜੀ ਨੂੰ ਇੱਕ ਘੰਟਾ ਲੱਗ ਗਿਆ। ਅੱਜ ਦੁਪਹਿਰੇ 2 ਵਜੇ ਸ. ਸਰਮ ਸਿੰਘ ਦੇ ਘਰੇ ਚਰਨ ਪਾਉਣ ਦਾ ਵੀ ਬਚਨ ਦੇ ਦਿੱਤਾ ਹੈ । ਉਸ ਨੇ ਅੰਦਰ ਆਰਾਮ ਕਮਰੇ ਵਿੱਚ ਬੇਨਤੀ ਕੀਤੀ ਸੀ ਘਰ ਚਰਨ ਪਾਉਣ ਦੀ। ਇੰਨਾਂ ਕੋਲੋ ਹੋ ਕੇ ਜੇਲ ਰੋਡ ਤੋਂ ਤਿਲਕ ਨਗਰ ਪਾਸ ਕਿਸੇ ਸਿੰਘ ਦੇ ਘਰ ਅੱਜ ਦਾ ਜਲਪਾਣ ਸੀ ਸਤਿਗੁਰਾਂ ਦਾ। ਮੈਂ ਘਰ ਵਾਪਸ ਆ ਕੇ ਦੋਬਾਰਾ

5.15 ਵਜੇ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਜਾ ਗੁਰੂ ਕੇ ਚਰਨ ਪਰਸੇ ਜਿੱਥੇ ਇੱਕ ਘੰਟਾ ਨਾਮ ਸਿਮਰਨ ਕਰਕੇ ਹਜ਼ੂਰੂ ਰਾਗੀਆਂ ਵਲੋਂ ਰਾਗ ਮਾਲਕੌਂਸ ਵਿੱਚ ਸ੍ਰੀ ਸਤਿਗੁਰੂ ਜੀ ਦੀ ਪਹਿਲ ਨਾਲ ਕੀਰਤਨ ਹੋਇਆ। 6.15 ਤੱਕ ਦੀਵਾਨ ਦੀ ਸਮਾਪਤੀ ਹੋ ਗਈ।

## 23 ਅਪਰੈਲ...1987, ਵੀਰਵਾਰ
## ਨਵੀਂ ਦਿੱਲੀ

ਸਵੇਰ ਦੀ ਸੁਖਾਵੀਂ ਠੁਮਕਦੀ ਪੌਣ ਵਿੱਚ ਦੀ ਪੈਦਲ ਮਾਰਚ ਕਰਦੇ ਅਸੀਂ ਦੋਵੇਂ ਜੀ ਰਾਜੋਰੀਉਂ ਰਮੇਸ਼ ਨਗਰ ਧਰਮਸ਼ਾਲਾ 5.15 ਤੇ ਸਵੇਰੇ ਪਹੁੰਚੇ। ਅੱਜ ਆਨੰਦ ਦਾ ਦਿਨ ਸੀ। ਕੁਝ ਵਿਸ਼ੇਸ਼ ਹੀ ਸੰਗਤ ਦਾ ਇਕੱਠਾ ਲਾਂਘਾ ਲੰਗਰ ਦੇ ਅਹਾਤੇ ਵਿੱਚ ਸੀ। ਦੀਵਾਨ ਤੱਕ ਪਹੌਂਚਦਿਆਂ ਸੰਗਤ ਦੀਆਂ ਲੰਬੀਆਂ ਕਤਾਰਾਂ ਨੂੰ ਦੋ ਦਹਿਲੀਜ ਨੁਮਾ ਡੀਟੈਕਟਰਾਂ ਵਿੱਚੋਂ ਗੁਜਰਨਾ ਪਿਆ। ਪੁਲਿਸ ਦਾ ਵੀ ਵਿਸ਼ੇਸ਼ ਪ੍ਰਬੰਧ ਸੀ। ਦੇਸ਼ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਆ ਰਹੇ ਸਨ। ਉਹਨਾਂ ਦੇ ਦਫ਼ਤਰ ਵਿਚਲੇ ਇੱਕ ਸੱਜਣ ਸ. ਅਜੀਤ ਸਿੰਘ ਅਰਬੀ ਫਾਰਸੀ ਵਿਦਵਾਨ (ਪਿੰਡ ਸੰਤਨਗਰ) ਦੀ ਲੜਕੀ ਦੀ ਵੀ ਅੱਜ ਸ਼ਾਦੀ ਸੀ। ਉਸ ਨੂੰ ਪਿਆਰ ਜਤਾਉਣ ਲਈ ਗਿਆਨੀ ਜੀ ਅੱਜ ਆਉਣਾ ਸੀ।ਪਤਾ ਨਹੀਂ ਕਿਹੜੇ ਵੇਲੇ ਦੀਆਂ ਸੰਗਤਾਂ ਅਣਟੁੱਟ ਰੂਪ ਵਿਚ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰ ਚਰਨ ਪਰਸਨ ਲਈ ਆ ਰਹੀਆਂ ਸਨ।

ਸਤਿਗੁਰੂ ਜੀ ਮਾਲਾ ਫੇਰਦੇ ਆਪਣੇ ਆਸਣ ਤੇ ਬਿਰਾਜਮਾਨ ਸਨ। ਉਸਤਾਦ ਹਰਭਜਨ ਸਿੰਘ, ਸੰਤ ਹਰਬੰਸ ਸਿੰਘ ਘੁੱਲਾ, ਸੰਤ ਖਜ਼ਾਨ ਸਿੰਘ ਅਤੇ ਗੁਰੂ ਕੇ ਕਲਾਕਾਰਾਂ ਦਾ ਮਨੋਹਰ ਕੀਰਤਨ ਹੋ ਰਿਹਾ ਸੀ। ਸਾਹਮਣੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸਜਾਈ ਗਈ ਸੀ। ਧਰਮਸ਼ਾਲਾ ਦੇ ਅੰਦਰ ਬਾਹਰ ਖਲਕਤ ਹੀ ਖਲਕਤ ਸੀ। ਪੌਣੇ ਛੇ ਵਜੇ ਤੱਕ ਹਵਨ ਅਤੇ ਅੰਮ੍ਰਿਤ ਤਿਆਰ ਹੋ ਚੁੱਕਾ ਸੀ। ਇਸਦਾ ਪ੍ਰਬੰਧ ਵਿਹੜੇ ਵਿੱਚ ਸੀ ਜਿੱਥੇ ਸੁੰਦਰ ਵੇਦੀ ਉੱਪਰ ਸਫੈਦ ਪਟਕੇ ਨਾਲ ਘਿਰੀ ਹੋਈ ਸ਼ੋਭਾ ਯੁਕਤ ਸੀ। 6 ਵਜੇ ਨੂੰ ਸ੍ਰੀ ਸਤਿਗੁਰੂ ਜੀ ਅਤੇ ਹੋਰ ਚੰਡੀ ਦੀ ਵਾਰ ਪ੍ਰੇਮੀਆਂ ਨੇ  ਗੁਟਕਿਆਂ ਤੋਂ ਪਾਠ ਕਰ ਲਿਆ ਸੀ।ਦਿੱਲੀ ਦੇ ਸਾਰੇ ਇਲਾਕਿਆਂ ਦੀ ਸੰਗਤ ਪੁੱਜੀ ਹੋਈ ਸੀ। ਜੀਵਨ ਨਗਰ ਇਲਾਕੇ ਦੇ ਵੀ ਬਹੁਤ ਸਾਰੇ ਸਰੀਰ ਤੇ ਜਲੰਧਰ ਦੇ ਵੀ ਅਨੇਕਾਂ ਵਿਅਕਤੀ ਨਜ਼ਰ ਪਏ। ਸਰਕਾਰੀ ਅਧਿਕਾਰੀ ਵੀ ਲੈ ਲੈ ਕੇ ਸ੍ਰੀ ਸੁਲੱਖਣ ਸਿੰਘ ਨਜਰੀ ਆਉਂਦੇ ਪਏ।

6. 25 ਤੋਂ 28 ਮਿੰਟ ਤੱਕ ਫੋਟੋ ਗ੍ਰਾਫਰਾਂ ਨੇ ਸ੍ਰੀ ਸਤਿਗੁਰੂ ਜੀ ਦੀਆਂ ਫੋਟੋਆਂ ਲਾਹ ਲਾਹ ਤ੍ਰਿਪਤੀ ਪਾ ਲਈ। 6.35 ਤੱਕ ਵਾਰ ਦਾ ਭੋਗ ਪੈ ਗਿਆ। ਬਾਹਰ ਵਿਆਹ ਕਰਵਾਉਣ ਵਾਲਿਆਂ ਜੋੜਿਆਂ ਨੂੰ ਅੰਮ੍ਰਿਤ ਛਕਾ ਲਿਆ ਗਿਆ। ਇਹ ਸਮੁੱਚੀ ਸੇਵਾ ਨਾਮਧਾਰੀ ਵਿਦਿਅਕ ਜਥਾ ਸ. ਰਾਮ ਰਤਨ ਸਿੰਘ ਅਤੇ ਭੁਪਿੰਦਰ ਸਿੰਘ ਭੁਰਜੀ ਦੀ ਅਗਵਾਈ ਹੇਠ ਕਰ ਰਿਹਾ ਸੀ। ਇਸੇ ਦੌਰਾਨ ਸ੍ਰੀ ਆਦਿ ਗ੍ਰੰਥ ਸਾਹਿਬ ਤੇ ਕੜਾਹ ਪ੍ਰਸ਼ਾਦ ਪ੍ਰਯੁਕਤ ਸਥਾਨਾਂ ਤੇ ਸਜਾ ਲਏ ਗਏ।ਗਿਆਨੀ ਜੀ ਦੇ ਇੰਤਜਾਰ ਵਿੱਚ ਸਮਾਂ ਬਤੀਤ ਹੋਣ ਲੱਗਾ ਤੇ 6.40 ਤੇ ਅੱਠ ਜੋੜਿਆਂ ਦੇ ਆਨੰਦ ਕਾਰਜ ਕਰਨ ਲਈ ਚੌਥੇ ਪਾਤਸ਼ਾਹ ਜੀ ਦੀਆਂ ਲਾਵਾਂ ਦਾ ਪਾਠ ਹੋਣ ਲੱਗਾ ਤੇ ਜੋੜੇ ਇਸ ਕਾਰਜ ਲਈ ਬਣੀ ਵੇਦੀ ਵਿਸ਼ੇਸ਼ ਹੇਠ ਹਵਨ ਕੁੰਡ ਦੁਆਲੇ ਪਰਕਰਮਾ ਲੈਣ ਲੱਗੇ। ਜੈਨ ਮੁਨੀ, ਮੁਫਤੀ ਸਹਿਬ ਵਰਗੀਆਂ ਕੁਝ ਵਿਸ਼ੇਸ਼ ਹਸਤੀਆਂ ਗੁਰੂ ਕੇ ਚਰਨਾਂ ਵਿੱਚ ਨਮਸਕਾਰ ਕਰ ਮੁਖਾਤਬ ਜਗ੍ਹਾ ਤੇ ਬੈਠਾਈਆਂ ਗਈਆ। ਡਾ ਮੂਸਾ ਅਤੇ ਰਾਹਨ ਮਿਸ਼ਰਾ (ਗਾਇਨ) ਆਦਿ ਕੁਝ ਵਿਸ਼ੇਸ਼ ਸੱਜਣ ਵੀ ਪਹੁੰਚੇ ਹੋਏ ਸਨ। ਇਸ ਸਮੇਂ ਉਸਤਾਦ ਹਰਭਜਨ ਸਿੰਘ ਨੇ ਕੁਝ ਖਾਸ ਰਾਗੀ ਵੀ ਸ੍ਰੀ ਸਤਿਗੁਰੂ ਜੀ ਨੂੰ ਪੇਸ਼ ਕੀਤੇ। ਉਹ ਹੱਥ ਜੋੜੀ ਖਲੋਤੇ ਸਨ ਅਤੇ ਸਤਿਗੁਰੂ ਜੀ ਦੇ ਬਚਨਾਂ ਦੁਆਰਾ ਉਹਨਾਂ ਦੇ ਚਿਹਰਿਆਂ ਤੇ ਪ੍ਰਸੰਸਾ ਖੇਲ ਰਹੀ ਸੀ। ਉਹ ਆਪਣੀ ਥਾਂ ਤੇ ਬੈਠੇ ਤਾਂ 6.45 ਤੇ ਭੋਗਾਂ ਦੇ ਸਲੋਕ ਪੜ੍ਹੇ ਜਾਣ ਲੱਗੇ।ਇਸ ਸਮੇਂ ਸੰਤ ਮਹਿੰਦਰ ਸਿੰਘ ਰਘੁਬੀਰ ਨਗਰ ਵਾਲਿਆਂ ਆਪਣੇ ਛੋਟੇ ਲੜਕੇ ਨੂੰ ਨਮਸਕਾਰ ਕਰਵਾਕੇ ਸ੍ਰੀ ਹਸਤ ਕੰਵਲਾਂ ਦੁਆਰਾ ਦਸਤਾਰ ਸਜਾਉਣ ਦੀ ਬੇਨਤੀ ਕੀਤੀ ਜੋ ਪਰਵਾਨ ਹੋਈ।ਅੱਜ ਸੰਤ ਮਹਿੰਦਰ ਸਿੰਘ ਦੇ ਵੱਡੇ ਲੜਕੇ ਰਾਜਿੰਦਰ ਸਿੰਘ ਦੀ ਸ਼ਾਦੀ ਵੀ ਹੋ ਰਹੀ ਹੈ। ਇਹ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਨਿਵਾਜ਼ੇ ਹੋਏ ਸੰਤ ਅਜੀਤ ਸਿੰਘ ਦੀ ਲੜਕੀ ਨਾਲ ਵਿਆਹਿਆ ਹੋਇਆ ਹੈ। ਅਜੀਤ ਸਿੰਘ ਕਰਕੇ ਹੀ ਗਿਆਨੀ ਜ਼ੈਲ ਸਿੰਘ ਜੀ ਦੀਵਾਨ ਵਿੱਚ ਉਪਸਥਿਤ ਹੋ ਰਹੇ ਹਨ।

ਪੂਰਬਾ ਮਹਿੰਦਰ ਸਿੰਘ ਨੇ 5 ਜੋੜੇ ਅਨੰਦ ਕਾਰਜ  ਅਤੇ 12 ਪਾਠਾਂ ਦੇ ਇਹਨਾਂ ਵਲੋਂ ਭੋਗ ਪਾਏ ਜਾਣ ਦੀ ਅਰਦਾਸ ਕੀਤੀ। 7.08 ਹੋ ਗਏ ਸਨ। ਗਿਆਨੀ ਜੀ ਦੇ ਬੰਦੇ ਆਉਣੇ ਸ਼ੁਰੂ ਹੋ ਗਏ ਸਨ ਪਰ ਅਜੇ ਗਿਆਨੀ ਜੀ ਨਹੀਂ ਸਨ ਪੁੱਜੇ। ਰਾਗੀ ਸਿੰਘ ਨੇ ਭੈਰਵੀ ਦੀ ਚੌਂਕੀ ਸ਼ੁਰੂ ਕਰ ਦਿੱਤੀ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਇਕ ਤਾਂ ਅਸੀਂ ਡਰੀਏ ਕਿ ਇਸ ਦਾ ਅੰਨ ਪਾਣੀ ਖਾਧਾ ਹੈ। ਦੂਸਰਾ ਪ੍ਰਦੇਸ ਦਾ ਮਾਮਲਾ ਅਤੇ ਤੀਸਰਾ ਉਮਰ ਬਚਪਨ ਦੀ ਸੀ। ਫਿਰ ਅਸੀਂ ਸੋਚਿਆ ਕਿ ਇਹਨੂੰ ਦਬਕਾ ਮਾਰਦੇ ਹਾਂ ਤਾਂ ਜੁ ਸਾਡਾ ਖਹਿੜਾ ਛੱਡ ਜਾਵੇ। ਜਿਸ ਵੇਲੇ ਅਸਾਂ ਦੋਹਾਂ 'ਕੱਠਿਆਂ ਕਿਹਾ ਕਿ ਸਾਬਾਸ਼ੇ ਬਈ ਹੋ ਤਕੜਾ ਹੱਲਾ ਆਇਆ ਈ। ਉਹ ਹਰਨ ਹੋ ਗਿਆ। ਅਸੀਂ ਵੀ ਫਿਰ ਤਿੱਖੇ ਕਦਮੀਂ ਹੋ ਗਏ ਕਿਉਂ ਜੁ ਸਾਨੂੰ ਪਤਾ ਸੀ ਕਿ ਅੱਗੇ ਡਹਿਰ ਤੇ ਵੀ ਥਾਣਾ ਹੈ। ਵੇਲਾ ਵਿਚਾਰ ਲਿਆ। ਪੁਲ ਤੇ ਪਹਿਰਾ ਨਹੀਂ ਸੀ। ਅਸੀਂ ਚੁੱਪ ਚਾਪ ਲੰਘ ਗਏ। ਜਦੋਂ ਅਸੀਂ ਡਹਿਰੋਂ ਅੱਗੇ ਗਏ ਤਾਂ ਮਹਿਮਦ ਵਾਲੀਏ ਸੰਤ ਜਗਤ ਸਿੰਘ ਜੀ ਅਤੇ ਸੇਠ ਮਹਿਲ ਸਿੰਘ ਸਾਨੂੰ ਮਿਲ ਪਏ। ਅਸੀਂ ਵੀ ਈਦ ਦੇ ਚੰਦ ਵਾਂਗੂੰ ਉਹਨਾਂ ਦੇ ਦਰਸ਼ਨ ਕਰਕੇ ਖਿੜ ਗਏ। ਉਹਨਾਂ ਸਾਨੂੰ ਦੱਸਿਆ ਕਿ ਸਤਿਗੁਰੂ ਜੀ ਅੱਜ ਦਾ ਦਿਨ ਹੀ ਤੁਹਾਨੂੰ ਉਡੀਕਣਗੇ ਅਤੇ ਜੇ ਤੁਸੀਂ ਅੱਜ ਨਾ ਅੱਪੜੇ ਤਾਂ ਉਹਨਾਂ ਭਲਕੇ ਟੁਰ ਜਾਣਾ ਹੈ। ਉਹ ਦੋਵੇਂ ਸਿੰਘ ਤਾਂ ਪੰਜਾਬ ਨੂੰ ਆ ਗਏ ਅਤੇ ਅਸੀਂ ਬਾਰਾਂ ਵੱਜਦੇ ਨੂੰ ਸੁਕੇਤ ਪਹੁੰਚ ਗਏ।

ਉੱਥੇ ਸਾਨੂੰ ਸਤਿਗੁਰੂ ਜੀ ਦੇ ਨਿਵਾਸ ਸਥਾਨ ਦਾ ਚੇਤਾ ਭੁੱਲ ਗਿਆ। ਉਨ੍ਹਾਂ ਪਹਾੜੀਆਂ ਦੀ ਬੋਲੀ ਵੀ ਸਾਡੀ ਸਮਝੋਂ ਦੁਰੇਡੀ ਸੀ। ਅਸੀਂ ਮਨ ਵਿਚ ਵਿਚਾਰ ਲਈ ਕਿ ਹਰਦਿਤ ਸਿੰਘ ਮਿਸਤਰੀ ਭਾਲੋਵਾਲੀ (ਗੁਰਦਾਸਪੁਰ) ਦਾ ਇਥੇ ਰਹਿੰਦਾ ਸੀ ਤੇ ਸੁਕੇਤ ਵਾਲੇ ਰਾਜੇ ਦੀ ਕਾਰ ਚਲਾਉਂਦਾ ਸੀ। ਇਹ ਸਿੰਘ ਉਸ ਭਾਈ ਵਸਾਖਾ ਸਿੰਘ ਦਾ ਪੋਤਰਾ ਸੀ ਜਿਸ ਬਾਰੇ ਬਾਰ੍ਹਵੇਂ ਸਤਿਗੁਰੂ ਜੀ ਕਿਹਾ ਕਰਦੇ ਸਨ, "ਜਿਸ ਸੌ ਸਿੰਘ ਦਾ ਦਰਸ਼ਨ ਕਰਨਾ ਹੈ ਉਹ 'ਕੱਲੇ ਵਸਾਖਾ ਸਿੰਘ ਦਾ ਹੀ ਦਰਸ਼ਨ ਕਰ ਲਵੇ।" ਅਸੀਂ ਇਕ ਸਿਪਾਹੀ ਤੋਂ ਪੁੱਛਿਆ ਕਿ ਰਾਜੇ ਦੀਆਂ ਮੋਟਰਾਂ ਦਾ ਗੈਰਾਜ ਕਿੱਥੇ ਹੈ। ਉਸ ਇਕ ਸੜਕ ਵਲ ਇਸ਼ਾਰਾ ਕੀਤਾ। ਉਧਰ ਤੁਰੇ ਤਾਂ ਅੱਗੋਂ ਮਿਸਤਰੀ ਹਰਦਿੱਤ ਸਿੰਘ ਖ਼ੁਦ ਹੀ ਆਉਂਦਾ ਮਿਲ ਗਿਆ। ਸਾਨੂੰ ਫਤੇਹ ਬੁਲਾ ਕੇ ਉਹ ਸੱਚੇ ਪਾਤਸ਼ਾਹ ਜੀ ਦੇ ਡੇਰੇ ਲੈ ਗਿਆ। ਪਾਤਸ਼ਾਹ ਅਜੇ ਪ੍ਰਸ਼ਾਦ ਪਾਣੀ ਛਕਕੇ ਹਟੇ ਹੀ ਸਨ ਅਸੀਂ ਵੀ ਜਾ ਨਿਮਸ਼ਕਾਰ ਕੀਤੀ। ਸਤਿਗੁਰੂ ਜੀ ਨੇ ਬੜੇ ਪ੍ਰੇਮ ਨਾਲ ਇਸ਼ਨਾਨ ਪਾਣੀ ਕਰਕੇ ਪ੍ਰਸ਼ਾਦਾ ਪਾਣੀ ਛਕਣ ਦਾ ਹੁਕਮ ਲਾਇਆ। ਅਸੀਂ ਪ੍ਰਸ਼ਾਦ ਪਾਣੀ ਛਕ ਲਿਆ ਤਾਂ ਸਤਿਗੁਰੂ ਜੀ ਪਹਾੜਾ ਸਿੰਘ ਨੂੰ ਕਹਿਣ ਲੱਗੇ ਕਿ ਤੂੰ ਕਹਿੰਦਾ ਸੈਂ, "ਉਹ ਦੋਵੇਂ ਮੁੰਡੇ ਇੱਥੇ ਨਹੀਂ ਅੱਪੜ ਸਕਦੇ। ਆਹ ਵੇਖ ਲੈ ਆਏ ਬੈਠੇ ਨੀ, ਸ਼ੇਰਾਂ ਦੇ ਪੁੱਤ।" ਥੋਹੜੇ ਦਿਨ ਨਾਲ ਹਜ਼ੂਰ ਨੇ ਘੋੜੀਆਂ ਤੇ ਕਾਠੀਆਂ ਪਾਉਣ ਦਾ ਹੁਕਮ ਦਿੱਤਾ। ਰਾਤ ਮੰਡੀ ਜਾ ਰਹੇ। ਇਹ ਵੈਸਾਖ ਦਾ ਆਖ਼ਰੀ ਪੱਖ ਸੀ। ਸਤਿਗੁਰੂ ਜੀ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਫਿਰ ਬਾਬਾ ਬੰਦਾ ਬਹਾਦਰ ਵੀ ਇਥੇ ਆਏ ਸਨ। ਸਵੇਰੇ ਉਥੋਂ ਫਿਰ ਕਟੌਹਲੇ ਗਏ। ਸਤਿਗੁਰੂ ਜੀ ਤਾਂ ਘੋੜੀਆਂ ਲੈ ਕੇ ਅੱਗੇ ਚਲੇ ਗਏ। ਮੇਰੇ ਕੋਲ ਖੱਚਰ ਸੀ ਜਿਸ 'ਤੇ ਭਾਰ ਲੱਦਿਆ ਸੀ।

ਮੈਂ ਪਿੱਛੇ ਰਹਿ ਗਿਆ। ਦੋ ਕੁ ਮੀਲ ਪਹਾੜ ਦੀ ਚੜ੍ਹਾਈ ਰਹਿ ਗਈ ਸੀ। ਅੱਗੇ ਤਸੀਲਦਾਰ ਬੈਠਾ ਸੀ। ਉਸ ਮੈਨੂੰ ਘੇਰ ਲਿਆ ਅਤੇ ਕਹਿਣ ਲੱਗਾ, "ਪ੍ਰਜਾਪਤਾ ਸਾਡਾ ਭਾਰ ਲੱਦ ਲੈ ਖੱਚਰ ਉੱਤੇ।" ਮੈਂ ਕਿਹਾ ਕਿ ਭਾਰ ਨਹੀਂ ਲੱਦਣਾ, ਅੱਗੇ ਹੀ ਖੱਚਰ ਤੇ ਬੜਾ ਭਾਰ ਹੈ। ਉਸ ਆਖਿਆ ਮੈਂ ਲੱਦੇ ਬਿਨਾਂ ਤੈਨੂੰ ਜਾਣ ਨਹੀਂ ਦੇਣਾ। ਮੈਂ ਵੀ ਕਟੌਹਲੇ ਜਾਣਾ ਹੈ। ਸਿੰਘ ਨੂੰ ਵੀ ਜੋਸ਼ ਆ ਗਿਆ ਤੇ ਮੈਂ ਕਿਹਾ, 'ਫਿਰ ਆ ਲਦਾ! ਸਿੰਘ ਭੇੜੇ ਲਈ ਤਿਆਰ-ਬਰ- ਤਿਆਰ ਹੈ। ਮੈਂ ਜਦ ਉਸ ਨੂੰ ਕਿਹਾ ਕਿ ਖ਼ਬਰਦਾਰ ! ਰਸਤਾ ਛੱਡ ਦੇ ! ਤਾਂ ਉਹ ਪਾਸੇ ਹਟ ਗਿਆ ਤੇ ਮੈਂ ਅਗਾਂਹ ਲੰਘ ਗਿਆ। ਸਵੇਰ ਦੇ ਤੁਰੇ ਅਸੀਂ ਸ਼ਾਮ ਨੂੰ ਕਟੌਹਲੇ

8-19 ਮੀਲ ਦਾ ਪੰਧ ਮੁਕਾ ਕੇ ਅੱਪੜ ਗਏ। ਮਗਰੋਂ ਉਹੋ ਤਸੀਲਦਾਰ ਵੀ ਉਥੇ ਪਹੁੰਚ ਗਿਆ ਅਤੇ ਸਤਿਗੁਰਾਂ ਦਾ ਦਰਸ਼ਨ ਕਰਕੇ ਬੜਾ ਖ਼ੁਸ਼ ਹੋਇਆ ਤੇ ਬਚਨ ਬਿਲਾਸ ਆਪ ਨਾਲ ਕਰਨ ਲੱਗ ਪਿਆ। ਸਤਿਗੁਰੂ ਜੀ ਨੂੰ ਕਹਿਣ ਲੱਗਾ ਕਿ ਤੁਹਾਡੇ ਏਸ ਸਿੰਘ ਨੇ ਮੈਨੂੰ ਆਹ ਲਫ਼ਜ਼ ਬੋਲੇ ਨੇ ਅਤੇ ਭਾਰ ਨਹੀਂ ਲੱਦਿਆ। ਸਤਿਗੁਰੂ ਜੀ ਨੇ ਉਸ ਨੂੰ ਆਖਿਆ, "ਮੈਂ ਤਾਂ ਸ਼ੁਕਰ ਕੀਤਾ ਹੈ, ਜਿਹੜਾ ਤੈਨੂੰ ਉਸ ਨੇ ਮਾਰਿਆ ਨਹੀਂ। ਇਕ ਤਾਂ ਦੁਪਹਿਰ ਦਾ ਮੌਕਾ, ਦੂਜਾ ਪਹਾੜ ਦੀ ਚੜ੍ਹਾਈ, ਤੀਜਾ ਖੰਡੇ ਦਾ ਅੰਮ੍ਰਿਤ ਛਕਿਆ ਹੋਇਆ, ਚੌਥਾ ਜ਼ਿਲ੍ਹੇ ਸ਼ੇਖੂਪੁਰੇ ਦਾ ਵਾਸੀ ਅਤੇ ਗੋਤ ਵੀ ਵਿਰਕ, ਪੰਜਵਾਂ ਮੇਰਾ ਵੀ ਇਹਦੇ 'ਤੇ ਹੱਥ ਸੀ। ਤੇ ਤੂੰ ਜੱਟ ਸਰਦਾਰ ਨੂੰ ਪ੍ਰਜਾਪਤ ਬਣਾ ਦਿਤਾ।" ਤਸੀਲਦਾਰ ਬਚਨ ਬਲਾਸ ਸੁਣ ਕੇ ਹੱਸਦਾ ਰਿਹਾ। ਇਹ ਲੁਧਿਆਣੇ ਜ਼ਿਲ੍ਹੇ ਦਾ ਸੀ। ਅਗਲੇ ਦਿਨ ਉਸੇ ਤਸੀਲਦਾਰ ਨਾਲ ਸਤਿਗੁਰੂ ਜੀ ਬਜੌਰੇ ਚਲੇ ਗਏ ਜੋ ਕਿ ਇੱਥੋਂ 15-16 ਮੀਲ ਸੀ। ਓਦਣ ਵੀ ਮੈਂ ਕੋਈ ਚੀਜ਼ ਲੈਣ ਪਿੱਛੇ ਚਲਾ ਗਿਆ ਸਾਂ ਤੇ ਜਦੋਂ ਮੈਂ ਇਕੱਲਾ ਚੜ੍ਹਾਈ ਉਤਰ ਰਿਹਾ ਸਾਂ ਤਾਂ ਅੱਗੋਂ ਗੱਦੀਆਂ ਦਾ ਹਲਕਾ ਕੁੱਤਾ ਪੈ ਗਿਆ। ਅੱਧਾ ਕੁ ਮਿੰਟ ਉਸ ਨਾਲ ਝੜਪ ਲਈ ਤੇ ਟਕੂਆ ਖਾ ਕੇ ਕੁੱਤਾ ਰਿੜਦਾ ਹੋਇਆ ਖੱਡ ਵਿਚ ਜਾ ਪਿਆ ਤੇ ਮੈਂ ਗੁਰੂ ਦੀ ਕ੍ਰਿਪਾ ਨਾਲ ਅਗਾਂਹ ਤੁਰ ਪਿਆ ਤੇ ਬਜੌਰੇ ਜਾ ਪੁੱਜਾ। ਸਤਿਗੁਰੂ ਜੀ ਇੱਥੇ ਤਿੰਨ ਦਿਨ ਰਹੇ। ਇੱਥੋਂ ਆਪ ਘੋੜੀਆਂ ਤੇ ਕੁੱਲੂ ਦੀ ਸੈਰ ਵੀ ਕਰ ਆਏ ਅਤੇ ਅਸੀਂ ਚੌਥੇ ਦਿਨ ਫਿਰ ਕਟੌਹਲੇ ਆ ਗਏ। ਕਟੌਹਲਿਉਂ ਫਿਰ ਮੰਡੀ ਆ ਗਏ ਅਤੇ ਮੰਡੀਓਂ ਸੁਕੇਤ। ਤੇ ਫਿਰ ਬਿਲਾਸਪੁਰ ਦੇ ਰਾਜੇ ਨੂੰ ਦਰਸ਼ਨ ਦੇ ਕੇ, ਸਤਿਗੁਰੂ ਜੀ ਵਾਪਸ ਸ਼ਹਿਰ ਆ ਗਏ ਆਪਣੇ ਡੇਰੇ ਵਿਚ, ਜੋ ਕਿ ਰਾਜੇ ਦੀ ਕਚਹਿਰੀ ਵਿਚ ਹੀ ਲਾਇਆ ਸੀ ਅਤੇ ਉਹ ਰਾਜਾ ਦਰਿਆ ਸਤਿਲੁਜ ਤੋਂ ਪਾਰ ਆਪਣੀ ਕੋਠੀ ਵਿਚ ਰਹਿੰਦਾ ਸੀ। ਉਥੇ ਫਿਰ ਉਹ ਅਕਾਲੀ ਸਿੰਘ ਵੀ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਮੈਂ ਉਸ ਨੂੰ ਦੋ ਰੁਪਏ ਦੇਣੇ ਚਾਹੇ ਕਿ ਲੈ ਭਾਈ ਆਪਣਾ ਹਿਸਾਬ ਮੁਕਾ ਲੈ, ਹੁਣ ਉਸ ਬਿਲਕੁਲ ਨਾ ਲਏ।

ਪਰ ਸੁਕੇਤ ਆ ਕੇ ਸਤਿਗੁਰੂ ਜੀ ਨੇ ਕਿਹਾ ਕਿ ਇੰਦਰ ਸਿੰਘ ਤੂੰ ਤੇ ਗੁਰਮੁਖ ਏਥੇ ਘੋੜੇ ਲੈ ਕੇ ਰਹੋ ਤਾਂ ਮੈਂ ਕਿਹਾ ਜੀ ਸੱਤ ਬਚਨ, ਪਰ ਇੰਦਰ ਸਿੰਘ ਥੋੜ੍ਹਾ ਡੋਲ ਗਿਆ, ਬੱਚਾ ਜੁ ਸੀ। ਤਾਂ ਸਤਿਗੁਰੂ ਜੀ ਨੇ ਫੁਰਮਾਇਆ, "ਜਦੋਂ ਲੁਧਿਆਣੇ ਗਿਆਨੀ ਸਿੰਘ ਜੀ ਫਾਂਸੀ ਲੱਗਣ ਲੱਗੇ ਤਾਂ ਰਤਨ ਸਿੰਘ ਨਾਈਵਾਲੇ ਵਾਲਾ ਉਹਨਾਂ ਦਾ ਦੂਜਾ ਸਾਥੀ ਰੋ ਪਿਆ। ਗਿਆਨੀ ਜੀ ਕਹਿਣ ਲੱਗੇ, ਭਾਈ ਤੂੰ ਸਰਬਾਲ੍ਹਾ ਬਣਾਉਣ ਦੇ ਲਾਇਕ ਤਾਂ ਨਹੀਂ ਸੈਂ, ਪਰ ਹੁਣ ਬਨਾਉਣਾ ਪੈ ਰਿਹਾ ਹੈ, ਹੋਰ ਜੁ ਕੋਈ ਨਹੀਂ। ਉਵੇਂ ਹੀ ਇੰਦਰ ਸਿੰਘ ਤੂੰ ਤਾਂ ਰਤਨ ਸਿੰਘ ਹੈਂ ਅਤੇ ਗੁਰਮੁਖ ਗਿਆਨੀ ਸਿੰਘ ਹੈ। ਸੋ ਭਾਈ ਹੁਣ ਤੈਨੂੰ ਵੀ ਰੋਂਦੇ ਧੋਂਦੇ ਨੂੰ ਸਰਬਾਲ੍ਹਾ ਬਣਾਵਾਂਗੇ। ਤੁਹਾਨੂੰ ਇੱਥੇ ਨਹੀਂ ਛੱਡਾਂਗੇ।"

ਬਿਲਾਸਪੁਰੋਂ ਸਵਾਰ ਘਾਟ, ਇੰਦਰਪੁਰਾ, ਰੋਪੜ ਪੁੱਜੇ ਅਤੇ ਇੱਥੋਂ ਨਹਿਰ ਸਰਹਿੰਦ ਵਾਲੀ ਕਿਸ਼ਤੀ ਵਿਚ ਬੈਠ ਕੇ ਸਤਿਗੁਰੂ ਜੀ ਤਾਂ ਨਹਿਰ ਵਾਲੇ ਡੇਰੇ ਚਲੇ ਗਏ। ਮੈਂ ਤੇ ਇੰਦਰ ਸਿੰਘ ਅਗਲੇ ਦਿਨ ਉਥੇ ਡੇਰੇ ਤੇ ਘੋੜੇ ਲੈ ਕੇ ਆ ਗਏ। 'ਕੁੱਲੀ' ਤੇ ਕੁੱਲੀ ਦੀ ਧੀ ਅਤੇ 'ਬਲੋਚਣ', ਇਹ ਤਿੰਨੇ ਘੋੜੀਆਂ ਅਤੇ ਵੱਡੀ ਖੱਚਰ ਇਸ ਦੌਰੇ ਵਿਚ ਰਹੀਆਂ। ਇਹ ਦੌਰਾ ਪਹਿਲੀ ਜੇਠ 1975 ਬਿਕ੍ਰਮੀ ਨੂੰ ਸਮਾਪਤ ਹੋਇਆ ਸੀ।

ਸਤਿਗੁਰੂ ਜੀ ਪਹਿਲੀ ਜੇਠ ਤੋਂ ਭਾਦਰੋਂ ਦੀ ਮੱਸਿਆ ਤੱਕ ਇਥੇ ਹੀ ਟਿਕੇ। ਭਾਦਰੋਂ ਦੀ ਮੱਸਿਆ ਨੂੰ ਆਪ ਰੇਲ ਗੱਡੀ ਦੁਆਰਾ ਤਰਨ ਤਾਰਨ ਜਾ ਕੇ ਆਏ। ਚਾਲ੍ਹੀਆ ਭਾਦਰੋਂ ਦੀ ਮੱਸਿਆ ਤੋਂ ਬਾਦ ਆ ਕੇ ਕੀਤਾ। ਦੁਸਹਿਰੇ ਤੇ ਇੱਥੋਂ ਦੌਰਾ ਤੁਰ ਪਿਆ ਅਤੇ ਆਪ ਪੰਜ ਸੱਤ ਦਿਨ ਸ੍ਰੀ ਭੈਣੀ ਸਾਹਿਬ ਹੀ ਰਹੇ। ਘੋੜਿਆਂ ਵਾਲੇ ਸਿੰਘ ਲੁਧਿਆਣਾ, ਮੁਠੱਡੇ, ਫਗਵਾੜਾ, ਜਲੰਧਰ, ਕਰਤਾਰਪੁਰ ਤੇ ਬਿਆਸ ਹੁੰਦੇ ਹੋਏ ਦੀਵਾਲੀ ਤੇ ਅੰਮ੍ਰਿਤਸਰ ਪੁੱਜ ਗਏ। ਹਜ਼ੂਰ ਸਾਹਨੇਵਾਲ ਜਾਂ ਲੁਧਿਆਣੇ ਦੇ ਸਟੇਸ਼ਨ ਤੋਂ ਗੱਡੀ 'ਤੇ ਅਸਵਾਰ ਹੋਏ ਸਨ। ਫਿਰ ਦੀਵਾਲੀ ਤੋਂ ਬਾਦ ਨਨਕਾਣੇ ਸਾਹਿਬ ਦੇ ਮੇਲੇ ਤੇ ਦਰਸ਼ਨ ਦਿਤੇ। ਚਾਰ ਦਿਨ ਇੱਥੇ ਰਹਿ ਕੇ ਸਤਿਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ (ਅਵਤਾਰ ਧਾਰਨ ਦਾ) ਮਨਾਉਂਦੇ ਸਨ। ਇੱਥੇ ਨਾਮਧਾਰੀ ਸਿੰਘਾਂ ਦਾ ਇਕ ਆਪਣਾ ਗੁਰਦੁਆਰਾ ਸੀ, ਅੰਮ੍ਰਿਤਸਰ, ਮੁਕਤਸਰ ਜਿਉਂ, ਜਿਸ ਦੇ ਮਹੰਤ ਸੰਤ ਸੁੰਦਰ ਸਿੰਘ ਜੀ ਭੂਰੀਵਾਲੇ ਸਨ। ਇਹ ਸਿਆਲਕੋਟ ਦੇ ਇਲਾਕੇ ਦੇ ਸ਼ਮੀਰਪੁਰ ਪਿੰਡ ਦੇ ਸਨ।

**ਨਹਿਰ ਤੇ ਮਾਤਾ ਜੀ ਨੂੰ ਲਿਆਉਣਾ:**

ਇਹ ਪ੍ਰਸੰਗ ਪਹਿਲੋਂ ਦਾ ਹੈ। ਬਾਬਾ ਸੰਤਾ ਸਿੰਘ ਜੀ ਘੁੱਕੇਵਾਲੀਏ ਨੇ 10 ਵੈਸਾਖ 1973 ਬਿਕ੍ਰਮੀ ਨੂੰ ਸਤਿਗੁਰੂ ਜੀ ਪਾਸ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਬੀਬੀ (ਮਾਤਾ ਭੁਪਿੰਦਰ ਕੌਰ ਜੀ) ਇੱਥੇ ਨਹਿਰ ਵਾਲੇ ਡੇਰੇ 'ਤੇ ਆਉਣੀ ਚਾਹੀਦੀ ਹੈ।

ਸਤਿਗੁਰੂ ਜੀ ਨੇ ਬਾਬੇ ਹੋਰਾਂ ਨੂੰ ਕਿਹਾ ਕਿ ਸਾਡੇ ਪਾਸ ਤਾਂ ਇਥੇ ਇਕ ਹੀ ਛੱਪਰ ਹੈ ਜਿਸਦੇ ਵਿਚ ਘੋੜੇ ਤੇ ਹੋਰ ਕੱਟੇ ਵੱਛੇ ਵੀ ਵਿਚੇ ਹੀ ਬੱਝਦੇ ਹਨ। ਛਿੱਟ ਕਣੀ ਆਈ ਤੋਂ ਮੇਰਾ ਵੀ ਇਕ ਮੰਜਾ ਉੱਥੇ ਹੀ ਡੱਠਾ ਹੁੰਦਾ ਹੈ। ਮੇਰੇ ਸਾਥੀ ਭਾਈ ਵਜ਼ੀਰ ਸਿੰਘ, ਗੁਰਮੁਖ ਤੇ ਹੋਰ ਸਭ ਮਾਲ ਡੰਗਰ ਤੇ ਘੋੜਿਆਂ ਵਾਲੇ ਵੀ ਉਸੇ ਹੀ ਛੱਪਰ ਵਿਚ ਹੁੰਦੇ ਹਨ। ਇਸ ਕਰਕੇ ਮੈਂ ਕਹਿਨਾਂ ਕਿ ਉਹਨਾਂ ਨੂੰ ਇਥੇ ਲਿਆ ਕੇ ਬਹਾਓਗੇ ਕਿੱਥੇ ? ਬਾਬਾ ਜੀ ਨੇ ਕਿਹਾ ਕਿ ਤੁਸੀਂ ਸਾਨੂੰ ਉਹਨਾਂ ਨੂੰ ਇੱਥੇ ਲਿਆਉਣ ਦਾ ਹੁਕਮ ਦੇ ਦਿਓ। ਬਾਕੀ ਸਾਰੇ ਕੰਮ ਮੈਂ ਆਪੇ ਹੀ ਕਰ ਲਵਾਂਗਾ।

ਕੁਦਰਤੀ ਇਕ ਕਾਰੀਗਰ ਸਿੰਘ ਵੀ ਸਮੇਤ ਟੱਬਰ ਉੱਥੇ ਆਇਆ ਹੋਇਆ ਸੀ। ਸਤਿਗੁਰੂ ਜੀ ਨੇ ਹੁਕਮ ਦੇ ਦਿਤਾ ਬਾਬੇ ਹੋਰਾਂ ਨੂੰ ਕਿ ਤੁਸੀਂ ਆਪਣੀ ਹਿੰਮਤ ਕਰ ਵੇਖੋ। ਬਾਬਾ ਜੀ ਨੇ ਕਹੀ ਫੜਕੇ, ਸੁਹੇਲ ਸਿੰਘ ਬਿਲਗਾ, ਸਾਧੂ ਸਿੰਘ ਰਵਿਦਾਸੀਆ, ਇਕ ਮਜ਼੍ਹਬੀ ਨਿਹੰਗ ਸਿੰਘ ਤੇ ਕੁਝ ਹੋਰ ਸਿੰਘਾਂ ਨੂੰ ਨਾਲ ਲੈ ਕੇ ਸ਼ਾਮ ਨੂੰ ਤਿੰਨ ਹਜ਼ਾਰ ਇੱਟ ਕੱਚੀ ਪੱਥ ਦਿੱਤੀ। ਅਗਲੇ ਦਿਨ ਪੰਜ ਸੱਤ ਹਜ਼ਾਰ ਤੱਕ ਪੱਥੀ ਗਈ। ਗੱਲ ਕੀ ਸੱਤ ਅੱਠ ਦਿਨਾਂ ਵਿਚ ਸਾਰੀ ਇੱਟ ਤਿਆਰ ਹੋ ਗਈ। ਏਨੇ ਦਿਨਾਂ ਵਿਚ ਹੀ ਉਸ ਕਾਰੀਗਰ ਸਿੰਘ ਨੇ ਸਾਰਾ ਕਾਠ ਤਿਆਰ ਕਰ ਦਿਤਾ। ਇਸੇ ਕੰਮ ਸਮੇਂ ਹੀ ਗੁਰੂ ਜੀ ਨੇ ਮੈਨੂੰ ਹੁਕਮ ਦਿਤਾ ਕਿ ਇਕ ਹਜ਼ਾਰ ਰੁਪੈ ਮਹਾਰਾਜ ਨਿਹਾਲ ਸਿੰਘ ਜੀ ਨੂੰ ਦੇ ਆ ਭੈਣੀ ਸਾਹਿਬ ਜਾ ਕੇ ਅਤੇ ਉਥੋਂ ਆਟੇ ਦਾ ਇਕ ਊਠ ਲੱਦ ਲਿਆ। ਕਿਉਂ ਜੁ ਮੈਂ ਉਦੋਂ ਸੱਚੇ ਪਾਤਸ਼ਾਹ ਦਾ ਲਾਂਗਰੀ ਵੀ ਹੁੰਦਾ ਸਾਂ। ਅਮਲੀਆਂ ਦੀ ਬਾਤ ਅਜੀਬ ਹੈ। ਜਦੋਂ ਮੈਂ ਗਿਆ ਸਾਂ ਤਾਂ ਇਕ ਅਮਲੀ ਨੇ ਆਖਿਆ ਸੀ ਮੇਰੀ ਅਫ਼ੀਮ ਲਈ ਆਵੀਂ। ਮੈਂ ਉਹਨੂੰ ਹਾਂ ਕਰ ਦਿਤੀ। ਮੈਂ ਆਟਾ ਲੈ ਕੇ ਸ਼ਾਮ ਦੇ ਚਾਰ ਵਜੇ ਤਕ ਵਾਪਸ ਨਹਿਰ ਵਾਲੇ ਡੇਰੇ ਤੇ ਆਉਣਾ ਸੀ। ਉਸ ਅਮਲੀ ਦਾ ਅਫ਼ੀਮ ਛਕਣ ਦਾ ਸਮਾਂ ਬਾਰਾਂ ਵਜੇ ਦਾ ਸੀ। ਉਹ ਵੇਲਾ ਲੰਘ ਗਿਆ। ਉਸ ਜਾ ਕੇ ਸਤਿਗੁਰਾਂ ਪਾਸ ਅਰਜ਼ ਕਰ ਦਿਤੀ ਕਿ ਸੱਚੇ ਪਾਤਸ਼ਾਹ ਗੁਰਮੁਖ ਸਿੰਘ ਜਿਹਨੂੰ ਤੁਸੀਂ ਆਟਾ ਲੈਣ ਭੇਜਿਆ ਹੈ, ਉਹਨੂੰ ਕੋਈ ਮਾਰ ਕੇ ਸੜਕ 'ਤੇ ਸੁੱਟ ਗਿਆ ਹੈ। ਮੈਨੂੰ ਹੁਣੇ ਇਕ ਰਾਹੀ ਦੱਸ ਗਿਆ ਹੈ। ਸਤਿਗੁਰੂ ਜੀ ਮੰਜੇ 'ਤੇ ਬਿਰਾਜੇ ਹੋਏ ਸਨ। ਉਹ ਉਦੋਂ ਹੀ ਉੱਠੇ। ਉਨ੍ਹਾਂ ਭਾਈ ਵਜੀਰ ਸਿੰਘ ਹੋਰਾਂ ਨੂੰ ਵੀ ਉਠਾਇਆ ਤੇ ਬਾਬੇ ਸੰਤਾ ਸਿੰਘ ਹੋਰਾਂ ਨੂੰ ਵੀ ਸੱਦ ਕੇ ਦੱਸਿਆ ਕਿ ਗੁਰਮੁਖ ਚੜ੍ਹ ਗਿਆ ਏ।

ਭਾਈ ਹੋਰੀਂ ਵੀ ਕੰਮ ਛੱਡ ਕੇ ਬਹਿ ਗਏ ਕਿਉਂਕਿ ਮੇਰੇ ਨਾਲ ਉਹਨਾਂ ਦਾ ਬੜਾ ਪ੍ਰੇਮ ਸੀ। ਬਾਬੇ ਸੰਤਾ ਸਿੰਘ ਹੋਰੀਂ ਵੀ ਵੈਰਾਗ ਵਿਚ ਹੋ ਗਏ ਅਤੇ ਅੱਥਰੂ ਕੇਰਨ ਲੱਗ ਪਏ ਕਿਉਂਕਿ ਮੈਨੂੰ ਉਹਨਾਂ ਬੱਚਿਆਂ ਜਿਉਂ ਪਾਲਿਆ ਸੀ। ਸਤਿਗੁਰੂ ਜੀ ਨੇ ਉਦੋਂ ਹੀ ਘੋੜਿਆਂ ਤੇ ਕਾਠੀਆਂ ਪੁਆਈਆਂ ਤੇ ਸਿੰਘਾਂ ਨੂੰ ਨਾਲ ਲੈ ਕੇ ਪਤਾ ਕਰਨ ਤੁਰ ਪਏ। ਓਦੋਂ ਰਾਈਆਂ ਵਾਲਾ ਮੁਕੱਦਮਾ ਚੱਲਦਾ ਸੀ ਜਿਸ ਕਾਰਨ ਸਾਡੇ ਤੇ ਉਹਨਾਂ ਦੇ ਬੰਦੇ ਅਕਸਰ ਲੜਦੇ ਝਗੜਦੇ ਰਹਿੰਦੇ ਸਨ। ਸੱਟਾਂ ਵੀ ਕਈ ਵੇਰ ਦੋਹੀਂ ਪਾਸੀਂ ਲੱਗ ਜਾਂਦੀਆਂ ਸਨ। ਇਸ ਲਈ ਸਭ ਨੇ ਸਮਝ ਲਿਆ ਕਿ ਵਾਕਿਆ ਈ ਦੁਸ਼ਮਣਾਂ ਦਾ ਵਾਰ ਚੱਲ ਗਿਆ ਹੋਣਾ ਹੈ। ਉਧਰ ਮੇਰੇ ਚਿੱਤ ਵਿਚ ਵੀ ਕਾਹਲ ਸੀ ਕਿ ਚਾਰ ਵਜੇ ਸਤਿਗੁਰੂ ਜੀ ਨੂੰ ਸਰਦਾਈ ਛਕਾਉਣੀ ਹੈ। ਮੈਂ ਵੀ ਵਾਹੋ ਦਾਹੀ ਊਠ ਲੈ ਕੇ ਆ ਰਿਹਾ ਸਾਂ। ਜਦੋਂ ਮੈਂ ਡੇਰੇ ਪੁੱਜਾ ਤਾਂ ਸਤਿਗੁਰੂ ਜੀ ਘੋੜੇ ਬਾਹਰ ਕੱਢੇ ਹੋਏ ਸਨ। ਮੈਨੂੰ ਨਿੱਕਾ ਜਿਹਾ ਧੱਫਾ ਮਾਰ ਕੇ ਕਹਿੰਦੇ, ''ਐਨਾ ਚਿਰ ਲਾ ਦਿਤਾ ਈ। ਸਰਦਾਈ ਦਾ ਵੇਲਾ ਵੀ ਲੰਘ ਗਿਆ ਏ। ਅਸੀਂ ਵੀ ਤੇਰੇ ਵੱਲ ਤਿਆਰ ਹੋਏ ਸਾਂ। ਮੈਂ ਜਲ ਬਣਾ ਕੇ ਸਤਿਗੁਰੂ ਜੀ ਤੇ ਸੰਗਤ ਨੂੰ ਛਕਾਇਆ। ਫਿਰ ਅਮਲੀ ਸਿੰਘ ਦੀ ਪੇਸ਼ੀ ਹੋਈ ਕਿ ਤੈਨੂੰ ਕਿਸ ਦੱਸਿਆ ਸੀ। ਉਸ ਕਿਹਾ, ''ਜੀ ਇਸ ਕਿਹਾ ਸੀ ਕਿ ਮੈਂ ਤੈਨੂੰ 10 ਵਜੇ ਤੱਕ ਅਫ਼ੀਮ ਮਾਈ ਜੀ ਤੋਂ ਲਿਆ ਦਿਆਂਗਾ। ਮੇਰਾ ਵੇਲਾ ਫਾਕੇ ਵਿਚ ਹੀ ਗੁਜ਼ਰਿਆ ਹੈ ਤੇ ਮੇਰੇ ਭਾਅ ਦਾ ਤਾਂ ਇਹ ਮਰ ਹੀ ਗਿਆ ਸੀ। ਬਹੁਤ ਹਾਸਾ ਪਿਆ।

**ਪ੍ਰੇਮ ਨਾ ਪੁੱਛੇ ਨੇਮ:**

ਇਹ ਬਾਬੇ ਸੰਤਾ ਸਿੰਘ ਹੋਰੀਂ ਉਹ ਸਨ ਜਿਹਨਾਂ ਦਾ ਨਾਂ ਗੁਰੂ ਹਰੀ ਸਿੰਘ ਜੀ ਨੇ ਜਿਗਰਾ ਸਿੰਘ ਰੱਖਿਆ ਸੀ। ਇਕ ਵੇਰ ਭਾਈ ਵਜੀਰ ਸਿੰਘ ਸਤਿਗੁਰੂ ਜੀ ਨੂੰ ਇਸ਼ਨਾਨ ਕਰਵਾ ਰਿਹਾ ਸੀ। ਬਾਬਾ ਸੰਤਾ ਸਿੰਘ ਦੀ ਸੋਧ ਨਹੀਂ ਸੀ। ਇਹ ਹਜ਼ੂਰ ਦੇ ਚਰਨ ਮਲ ਰਿਹਾ ਸੀ। ਜਦੋਂ ਇਹ ਚਰਨ ਮਲੇ ਭਾਈ ਹੋਰੀਂ ਸੋਧ ਦੀ ਮਰਿਆਦਾ ਮੁਤਾਬਿਕ ਜਲ ਦਾ ਹੋਰ ਗੜਵਾ ਡੋਹਲ ਦੇਣ। ਬਾਬੇ ਹੋਰੀਂ ਚਰਨ ਮਲਣੋਂ ਨਾ ਹਟਣ ਤੇ ਭਾਈ ਹੋਰੀਂ ਗੜਵੇ ਜਲ ਦੇ ਪਾਈ ਜਾਣ। ਅਖ਼ੀਰ ਸਤਿਗੁਰੂ ਜੀ ਨੇ ਫੁਰਮਾਇਆ, ''ਭਾਈ ਮੈਂ ਇਹਨਾਂ ਦੇ ਹੱਥ ਲਾਇਆਂ ਖੁੱਲ੍ਹਾ ਨਹੀਂ ਹੁੰਦਾ, ਤੂੰ ਨਾ ਪਾਈ ਜਾ ਜਲ ਮੇਰੇ ਸਰੀਰ 'ਤੇ।'' ਕਿਉਂਕਿ ਪ੍ਰੇਮ ਸਭ ਤੋਂ ਉੱਤੇ ਹੈ।

**ਚਲਦਾ...**

# MURDER OF BEEF BUTCHERS

# BY KUKAS



**Edited by: Dr. Gurdev Singh Sidhu**

This man, it appears, then went down to the slaughterhouse, which is outside the city, and told the butchers the same.The matter was not reported to me until the 1st May, and with it came a report from KirpaRam, a Deputy Inspector of Police, that there had been a fracas between the Hindoos and Mahomedans of the Sunt Singh Bazar about the sailof beef and one of the latter had got a mauling.This he gave evidence as a principal witness in the trial before me of certain Mahomedans for intentionally polluting a well, which charge entirely broke down. I much mistrust him in consequences. On the 1st MayI sent for the Akalees, to see what they wanted.I could not get hold of them until the next day, when I discovered that their complaint consisted of—

(1)-- Cows being slaughtered,

(2)—Mahomedans throwing bones down a well,

(3)—Butchers selling beef openly,

(4)—Sale of the slaughter-house contract.

I called on Sirdar Mangal Singh for a report, and summoned the contractors whose unguarded actions had given umbrage. This same day a petition of complaint against certain Mahomedans was filed by a numerous body of Hindoos,which I kept for investigation in my own Court. It concerned the polluting of a well. On Wednesday, the 3rd May, a large crowd of Hindoos assembled outside the Municipal Committee Room, and followed me down to the kutchery in the Rambagh.

I received a reply from Sirdar Mangal Singh and from Khan Mahomed Shah, to whom I had also referred. Both said that there was considerable ill-feeling between the rival religions.

Late that afternoon (3rd)an enormous crowd assembled before the Sikh temple. All good Hindoos were summoned, and subscriptions were promised for the prosecution of the case before me, and further if necessary. This was the most serious aspect the matter assumed, and I thought it time to take measures to prevent anymore such assemblies. Early on the morning of the 4th May, I wrote to Rajah SirSahib Dyal, who immediately waited upon me. He said that the contractors were at the bottom of the whole disturbance. I deputed him,with Sirdar Ranjodh  Singh and Bhai Hurree Singh, to use their influence to disperse the mobs, who were again collecting. This they cheerfully undertook, and succeeded in effecting. The

decision of the case before me had likewise quickening effect. The accused, who were found guilty of insultcalculated to provoke a breach of the peace, were sentenced under Section 504, Indian Penal Code, each to imprisonment for six months. The prosecution in the case of polluting a well broke down. Nothing of importance has occurred since the 4th instant, but I cannot conceal from the Government that there is a very uneasy feeling prevailing in the city.

On the 5th May, Rajah Sir Sahib Dyal with a deputation of respectable Hindooinhabitants of the city, came to me with a written list of grievances. This I promised to forward to you, and I did so under my demi-official letter to you. I regret to have received no reply from you yet to this letter, not to the first demi-official notices of the matter which I sent. The position I have tohold here is not without its difficulties, and I should be glad to have your presence, your counsel,or instructions. I have taken my stand strongly amidst conflicting interests on the following two points:--

1st.-- That beef shall be slaughtered, and sold as before -- slaughtered outside the city and sold within but cloaked.

2nd.-- That the innovations complained of, such as the establishment of shops, and the exposed saleof meat, shall be prohibited pending the orders of Government.

The respectable portion of the community werecontended with my decision, and though no doubt, they will stir up the matter, and petition the Government. I do not anticipate any further commotion or organized opposition, such as prevailed at the assembly of the SikhTemple. The bad character continue to give trouble and there were rumors of the banding of Akalees together, &c., which all came to nothing.On the 6th May, I thought it well to stop these fanatical Akalees for knocking about. Six *Nihungs*weredesiredto go to their homes, and two of them were escorted to the confines of the district. I also took the security of Rs. 500 froma Brahmin, JoallahSingh, of the *"BoungahChoukNihungan"* or *Nihung* Monastery. These Akalees, I strongly suspect are merely instruments in the hands of the Brahmins, heads of the Hindoo community.It was necessary to reassure the butchers who had not killed beef for three days.They are now at their usual employment, and I trust that confidence will be soon restored in Umritsar. The conduct of the Mahomedan part of the population has been good – indeed, it appears to be quite cowed. I beg to report favorably of the conduct of Rajah Sahib Dyal, K.C.S.I., Sirdar Ranjodh Singh, Majitha, and Bhai Hurree Singh who were of much assistance to me. Mr. Turton Smith, District Superintendent of Police, has been most active and useful, and afforded me cordial support throughout the business.

No. 418, dated 15th May 1871

From – Major W. G. Davies, Commissioner and Superintendent, Amritsar Division.

To – The Offg. Deputy Commissioner, Amritsar.

I have the honor to knowledge the receipt of your letter No. 344 of the 8th instant, reporting that considerable excitement had arisen in the city of Amritsar in

connection with the slaughter of kine and the exposed sale of beef.

2. It appears from your report that the custom hitherto has been for the slaughter of kine to take place only outside the city, and for meat, when brought into the city for sale, to be decorously covered up.

3. And it further appears that excitement which has taken place is due to these rules having been infringed since the new contract was given out, by the establishment of a shop for the sale of beef in the city, and by meat of this kind being openly hawked about.

4. It is not clear from your report when these innovations commenced; but as the excitement seems to have commenced very early in April (3rd), it is probable that they began as soon as the new contractors were installed.It is unfortunate, I think, that you did not earlier ascertain by personal inquiry if there were any good grounds for the ill-feeling which hasarisen among the Hindoo and Sikh population of the city.If this had been done, and the exciting causes had been removed at that early stage, the excitement would not have assumed the dimensions which it afterwards did.

5. I am glad, however, to observe that from the moment when the fact of the existence of very serious excitement was forced upon your police, your proceedings have characterized by firmness and good judgment, and that, inconsequence of the measures adopted by you, the dangerous religious feeling, which had arisen has in a great measure subsided.

6. I now proceed to reply to those portions of your letter in which you ask for specific instructions and to lay down certain general principles for your guidance insuch matters, -- promising that I hope myself to be at Umritsar before long, when all questions arising out of this particular business can we personally discussed with you and set at rest.

7. As regards the general principle to be observed in dealing with matters of this kind, I cannot, I think, do better than quote the following passages from one of Mr. Thompson's dispatches (No. 1503 of 5th May 1848), addressed to the Commissioner of Meerut inconnection with the slaughter of kine in certain villages in the neighborhood ofHurdwar.After setting forth that Hurdwar was a spot esteemed as sacred by Hindoos, and the slaughter of kine within its limits was highly offensive to the feelings of the Hindoos, and had long and justly been prohibited (all which equally applies to Umritsar, the capital of the Sikhs), but that the slaughter of kine, and sale of their flesh used to take place in Jowallapore, a neighboring village, till the Magistrate, declaring it a part of Hurdwar, had forbidden the practice,in consequence of which petitions complaining of this order from the Mahomedans had been received, -- the Lieutenant-Governor goes on to say that–

"Disputes of this kind regarding the slaughter of cattle and sale ofmeat, are very common and require very cautious treatment.On the one hand, the religious feelings of the Hindoos are much shocked by witnessing the slaughter of a kine or by seeing the flesh ostentatiously exposed for sale;

whilst, on the other hand, the Mahomedans are entitled to the free enjoyment of an article of food which in itself is unobjectionable and highly nutritious. The sole rule is to adhere to establish usage, and to prohibit the ostentatious slaughter or sale in a manner unnecessarily offensive to feelings which are entitled to respect.

8. You have only to apply these rules to the case inpoint, and you cannot go wrong. The slaughter of kine within the city has already been prohibited, and the prohibition contained in the Governor-General's proclamation of 20th May 1849 has, as you say, never been infringed. A slaughterhouse exists outside the city, and the custom hitherto has been, for meat when brought into the city for sale to be decently covered up. No shops for the open sale of beef have been allowed within the city. This same system should be continued. The Mahomedan population can have no good reason to complain of a rule supported by a prescription of upwards of twenty years, and the observance of which has not occasioned any marked degree of inconvenience to their class.

9.On receipt of this letter you should call before you the leading members of both religions. The custom which has hitherto prevailed should be described, and they should be told that without the sanction of Government no departure from the custom so described will be permitted. At the same time, you should explain to the Mahomedans that the ostentatious and offensive exposure or sale of the flesh of kine by butchers, or any act on their part leading to shock the religious prejudices of the Hindoos and Sikhs, will render them liable to prosecution under Section 298 of the Indian Penal Code. And to the Hindoos and Sikhs it should be explained that, so long as the butchers and Mahomedans generally keep within the line which customs and the order of the Government……. you from all prosecutions and violence.

10. I look to your tact in setting all this before the representatives of the rival religions in a manner which, while tending to allay any bitterness of feeling which may still exist on this subject, will convince them that you are determined to enforce the rules which have been thus laid down for your guidance; and I request that you will tell these native gentlemen that I count on their using their influence to second your efforts inallaying the excitement which has unhappily arisen. I trust it will not be long before I am able to add my own voice and influence towards bringing about this result.

11. In conclusion, I requested you will convey to RajahSahib Dyal, Sirdar Ranjodh Singh and Bhai Hurree Singh my acknowledgements for the assistance they have rendered in this delicate matter, that I'm guessing and by addressing my acknowledgments are these systems they have rendered do you in this delicate matter and inform themthat their names will be brought to the notice of Government for recommendation.

No. 353, dated the 15th May 1871

From – Major F. M. Birch, Offg. Deputy Commissioner, Amritsar.

To – The Offg. Commissioner and

Superintendent, Amritsar Division.

In continuation of my letter No. 344 of the 8th instant, I have the honor to report for the information of Government,that late at night on the 8th of May, a slight pretext again led to the collection of a crowd of Hindoos, who maltreated three *Kushumeeree* Mahomedans. The District Superintendent of Police, Mr. Turton Smith, reached the spot in time to prevent further disturbance, but was ill-received and some individuals threw *kunkur*at him.No single native of rank, or influence, was present to assist him. This appears to me to betoken a want of proper spirit amongst the native magistracy, whom I accordingly summoned to my house, as well as all the native members of the Municipal Committee. As I had received no instructions from you up to that date - the 9th May, - I sought the assistance of the Additional Commissioner, who at once consented to walk over with me and be present at the meeting which was held at 9 A.M. on the same date, the 9th.

Sirdar Soorut Singh, Majeetha, called upon me that morning, and remained with me. I pointed out that riots such as that of the night before were disgraceful and would not occur if the Raeses did their duty. I told them that I held them responsible for the quiet of the city. They promised all I required; and it was arranged that the Police should keep them informed of any disturbance. Mr. Elsmie then proposed that the full bench of the Honorary Magistrates should try the riot case; and this was agreed to.

**to be continued**

.......................................................

## ਸ਼ਾਹ ਦਰਵੇਸ਼ – ਸਤਿਗੁਰ ਪ੍ਰਤਾਪ ਸਿੰਘ...

ਦੀਵਾਨ ਲੱਗਾ। ਸੰਗਤਾਂ ਬਹੁਤ ਉਤਸ਼ਾਹ ਨਾਲ ਆਈਆਂ। ਨਾਮਧਾਰੀ, ਅਕਾਲੀ, ਗ਼ੈਰ ਸਿੱਖ ਅਤੇ ਹਜ਼ਰੋਂ ਵਾਲਿਆਂ ਦੀ ਸੰਗਤ ਵੀ ਹੁੰਮਹੁੰਮਾ ਕੇ ਆਈ। ਦੂਜੇ ਦਿਨ ਅੱਗੇ ਚਾਲੇ ਪਾਣੇ ਸਨ। ਸੰਗਤਾਂ ਨੇ ਅਰਜ਼ ਕੀਤੀ ਸਤਿਗੁਰ ਜੀ...ਇਕ ਦਿਨ ਹੋਰ ਕਿਰਪਾ ਕਰੋ। ਅਗਲੇ ਦਿਨ ਫਿਰ, ਇਕ ਦਿਨ ਹੋਰ ਦੀ ਬੇਨਤੀ ਪਰਵਾਨ ਹੋਈ। ਤਿੰਨ ਦਿਨ ਬਸੰਤ ਦਾ ਮੇਲਾ ਕੈਮਲਪੁਰ ਭਰਿਆ।

ਹਜ਼ਰੋਂ ਬਾਬਾ ਵਜੀਰਾ, ਬਹੁਤ ਤਾਂਘ ਨਾਲ ਉਡੀਕ ਕਰ ਰਿਹਾ ਸੀ। ਸਤਿਗੁਰ ਜੀ ਸੁਨੇਹਾ ਘੱਲਿਆ, ਪਰਸੋਂ, ਸਵੇਰੇ ਚਲ ਕੇ ਨੌਂ ਵਜੇ ਹਜ਼ਰੋਂ ਪੁੱਜਾਂਗੇ। 11 ਵਜੇ ਵਾਲੀ ਟ੍ਰੇਨ 'ਤੇ ਵਾਪਸੀ ਹੈ...ਪ੍ਰਸ਼ਾਦਾ ਰਾਵਲਪਿੰਡੀ ਜਾ ਛਕਾਂਗੇ। ਸਿਦਕੀ ਬਾਬਾ ਵਜੀਰਾ, ਆਪਣੇ ਮਨ ਨਾਲ ਗੱਲਾਂ ਕਰਦਾ ਹੈ, ਮੇਲਾ ਬਸੰਤ ਦਾ ਮੰਗਿਆ ਸੀ। ਬਸ ਦੋ ਘੰਟੇ ! ਹੇ ਸਤਿਗੁਰ ! ਇਕ ਦਿਨ ਤਾਂ ਮੇਲਾ ਹੋਵੇ, ਖੁੱਲ੍ਹੇ ਦਰਸ਼ਨ ਸੰਗਤ ਕਰੇ।

ਅਮਦਰ ਦੀ ਤਾਂਘ 'ਅੰਤਰਯਾਮੀ' ਤਕ ਪਹੁੰਚ ਗਈ। ਕੈਮਲਪੁਰ ਤੋਂ ਟੁਰਨ ਲੱਗਿਆਂ, ਕਾਰ ਵਿਚ ਕੋਈ ਖਰਾਬੀ ਆ ਗਈ। ਠੀਕ ਕਰਾਉਂਦਿਆਂ, ਹਜ਼ਰੋਂ ਵਾਪਸੀ ਵਾਲੀ ਟ੍ਰੇਨ ਵੀ ਲੰਘ ਗਈ। ਬਾਬੇ ਵਜੀਰੇ ਦੀ ਮਨਸ਼ਾ ਪੂਰੀ ਹੋਈ। ਭਾਈ ਮੋਖੇ ਵਾਲੇ ਬਾਗ਼ ਵਿਚ, ਖੁੱਲ੍ਹੇ ਥਾਂ ਸ਼ਾਮਿਆਨੇ ਹੇਠ ਦੀਵਾਨ ਲੱਗਾ। ਚੱਕ੍ਰਵਰਤੀ ਜੀ ਨੇ, ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰ ਬਾਲਕ ਸਿੰਘ ਮਿਲਣ ਦਾ ਦ੍ਰਿਸ਼, ਭਾਵਪੂਰਨ ਢੰਗ ਨਾਲ ਸੁਣਾਇਆ... ਆਲਮ ਜੀ ਨੇ ਦੀਵਾਨ ਲਾਇਆ... ਇੰਦਰ ਸਿੰਘ ਢੋਲਕਈਏ ਨੇ ਬੜਾ ਰੰਗ ਬੰਨ੍ਹਿਆ। ਰਾਤ ਵੀ ਉਥੇ ਰਹਿ ਕੇ ਦੂਜੇ ਦਿਨ ਰਾਵਲਪਿੰਡੀ, ਸਰਦਾਰ ਆਤਮਾ ਸਿੰਘ ਦੇ ਘਰ ਜਾ ਡੇਰਾ ਲਾਇਆ।

ਸ਼ਾਹ ਦਰਵੇਸ਼...ਗੁਰੂਆਨ ਗੁਰੂ...ਸਤਿਗੁਰ ਪ੍ਰਤਾਪ ਸਿੰਘ ਜੀ ਦੇ ਨੇੜਿਉਂ, ਜਿਸ ਦੀਦਾਰੇ ਕੀਤੇ ਹਨ, ਉਹ ਕਹਿੰਦੇ ਹਨ, ਵੇਦਾਂਤ-ਵਾਕ-

ਬਜਰਾਦਪਿ ਕਠੋਰਾਨੀ ਮ੍ਰਿਦੁਲਾਨੀ ਕੁਸਮਾਦਪਿ॥

ਉਹ ਮਹਾਂਬਲੀ ਸਤਿਗੁਰ, ਬਜਰ ਤੋਂ ਵੀ ਕਠੋਰ ਸੀ ਅਤੇ ਫੁੱਲਾਂ ਤੋਂ ਵੀ ਨਰਮ ਦਿਲ... ਦਇਆ, ਕਰੁਣਾ ਦੀ ਮੂਰਤ ਸੀ... ਸ਼ਾਹ ਦਰਵੇਸ਼ ਸਤਿਗੁਰੂ ਪ੍ਰਤਾਪ ਸਿੰਘ।

.......................................................

# THE SATGURU –

# SANT SINGH



**Sant Singh**
**9868177078**

Nature is the most perfectly and scientifically designed set up. This being the creation of the Almighty God, is flawless and perfect in all respects. All the natural systems are very meticulously designed, planned and organized. Each system is headed by a Deity who is supposed to operate it to the will of God and act according to the set system. The whole system is so well computerized that it functions absolutely flawlessly. The flawlessness of all the natural systems can well be appreciated from the fact that ever since their creation, no amendments have ever been necessitated. The systems working in the beginning are as efficient today as they ever were and will continue to be so, without amendments, in the times to come.

Contrary to this, the man made systems are subjected to continuous monitoring, leading to amendments from time to time. Even the constitutions of the most advanced countries have already undergone many amendments and will continue to be amended in future as well.

Having set up the total natural system, the Almighty created this universe. He created not only the human beings but also innumerous animals, insects, birds and others. Each of the species had its own living and reproductive cycle, similar to human beings but these were all deprived of the knowledge of the universe and its creator. The human beings were however blessed with the knowledge of the creator and invested with desires, feelings, sentiments. Humanity is sure to grow further with a desire to acquire knowledge of the universe more and more. This was thus the most precious creation of the Almighty God through which, He decided to carry the world forward. This necessitated a communication system between the creator and his creation - the human beings.

In all religions of the world, the Almighty God has although been presumed to be formless, shapeless and colourless yet regarded as omnipresent, omnipotent and immortal. On the other hand the entire creation of the universe has been regarded as mortal.

In order to establish a perfect communication between the mortal and immortal world, the Almighty has again set up a marvelous system. He has created a system of incarnating Himself in human form on earth and communicate with the people in the language understood by them. Like numerous

other natural systems the system of incarnating in form is also perfect and very well planned. These incarnations can be classified in two types - the one which exists all the time and the other which appears for a specific period and purpose. The first one is always present in the world in some form to continuously guide the people and motivate them to tread the path of truthfulness. The second one is for discharging specific duty under extreme emergent situation to destroy the vices from the earth and to safeguard the interest of saints and other worshippers. Thus God in human form has existed since the beginning and will continue to exist in future as well.

To properly appreciate the God's system of incarnating in the human form, let us take example of a University which is headed by a Chancellor. The Chancellor in turn appoints a vice Chancellor who is the sole executive head of the university. If we presume the Chancellor to be the Almighty God, then the vice Chancellor can be regarded as his incarnation, who is responsible for the day to day work and executing all the policies to the will of the Chancellor. He is as powerful as the Chancellor himself. He has full knowledge of the Chancellors' ideas, thoughts, will and planning. Both have full confidence, understanding and faith in each other. Both remain in regular contact with each other. In fact the Chancellor has blessed his Vice Chancellor with all his powers and placed all his resources at his command. Similarly, the incarnation of God in form enjoys complete confidence of God. Whereas there is only one Chancellor and only one Vice Chancellor, there can be any number of teachers, for e.g. lecturers, professors as per requirement to impart education to students.

**THE CONCEPT OF TRUE GURU**

The incarnation of the Almighty God in this world has been called as a prophet, an apostle, a messenger of God. In Sikhism, however, this prophet has been called as Satguru i.e., the true Guru. Similarly, the saints and other preachers who have attained certain heights in spiritualism act like teachers and Professors according to their own levels of spiritual attainment. All these functionaries' work and discharge their responsibilities to achieve their target set by God / Satguru.

The one who knows the true Lord, is called the true Guru. In His company, the sikh is saved, O Nanak, singing the glorious praises of the Lord. The human body has been very skillfully brought into existence by God. The five elements in human body viz., earth, water, fire, air and ether although antagonistic to each other in nature have been bound together by the very presence of God in the form of soul. None of these five elements dare oppose the other, so long as the soul exists in the body.

God created this wonderful human being and encircled him with His illusionary powers of lust, greed, anger, vanity and pride. The soul thus became slave of attachment and passion for the five illusions. To overcome the pressure of these illusions and to free the soul from their clutches, thus became the main objective of human beings. It was after completing this exercise successfully that the

man could meet the Lord i.e. the God. This necessitated the presence of a teacher who could acquaint the people with the wish of the Lord, make the objective of human life clear and guide them at every step through all the odds. The God who is formless thus incarnated in the form of man to communicate with man and apprise him of the secrets of the unseen world. The Satguru is uncreated. He does not take birth like normal human beings. The Indian history bears testimony to the fact that at birth of such super celestial incarnations such as Lord Krishna, Lord Rama, Satguru Nanak Dev, Satguru Gobind Singh, Satguru Ram Singh and many others, there appeared a powerful dazzling light which illuminated the room. On disappearance of this light a baby boy was found lying on the cot.

Thus, every one present had to believe for surety, the baby to be a Godly soul. Likewise on completion of their assigned task in the world they left for their heavenly abodes in a mysterious way without even leaving their remains behind. Such souls make their appearance / disappearance anywhere, any time at their will. They are absolutely independent and free from all bonds. Even the so-called birth and death of such souls is according to their own will. The Angel of death is totally helpless as he also has to obey their command. Thus, they are immortal and uncreated. This dispels the doubt of normal human being.

The Satguru although looks like an ordinary human being, is someone far beyond the comprehension of human mind. The Almighty God and his form i.e., Satguru are, therefore, one and the same. While the Almighty God, being formless, is not an individual, but an extreme supernatural power which is omniscient and omnipotent, the Satguru being the form of the Lord Almighty is an individual, who is as well omniscient and omnipotent in the universe. Thus the Satguru too is immortal.

He Himself is absolute and unrelated; He Himself is also involved and related. Manifesting His powers, He fascinates the entire world. A very important characteristic of the Satguru is that he lives and behaves like ordinary human beings. He teaches the people that each one can worship and attain the highest levels of spiritualism. Each one can achieve anything in this world, overcome the miseries and various other obstacles in life. The people have to repose faith in the Satguru and invoke his blessings all the time. The Satguru though all powerful; has the knowledge of the past, present and future; performs miracles yet does not make himself known as a supernatural being. This is essential to make the people believe and realize their inner strengths. This form of the formless, i.e., the Satguru, has existed in the past, exists today and will continue to exist in the future as well. There has been no occasion when the Satguru has not existed in form in this mortal world. This requirement was fulfilled by the 1st type of incarnations of the God i.e. the one which exists all the time - the Satguru.

.......................................................

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦਾ ਨਿਊਜ਼ੀਲੈਂਡ ਤੇ ਆਸਟ੍ਰੇਲੀਆ ਦੌਰਾ

**ਸਿਡਨੀ–** ਬ੍ਰਿਸਬੇਨ ਦੀ ਸੰਗਤ ਨੂੰ ਦਰਸ਼ਨ ਦਿੰਦੇ ਹੋਏ ਸ੍ਰੀ ਸਤਿਗੁਰੂ ਜੀ ਹਵਾਈ ਜਹਾਜ ਰਾਂਹੀ ਬ੍ਰਿਸਬੇਨ ਦੇ ਏਅਰਪੋਰਟ ਤੋਂ ਸਿੱਧਾ ਸਿਡਨੀ ਏਅਰਪੋਰਟ ਤੇ ਪਧਾਰੇ। ਜਿਥੇ ਸਿਡਨੀ ਦੀ ਸੰਗਤ ਵਲੋਂ ਸ੍ਰੀ ਸਤਿਗੁਰੂ ਜੀ ਦਾ ਨਿੱਘਾ ਸੁਆਗਤ ਕੀਤਾ ਗਿਆ। ਛੋਟੇ-ਵੱਡੇ ਬੱਚਿਆਂ ਨੇ ਹੱਥਾਂ ਵਿਚ ਛੋਟੇ ਵੱਡੇ ਗੁਲਦਸਤੇ ਫੜ ਸ੍ਰੀ ਸਤਿਗੁਰੂ ਜੀ ਨੂੰ ਭੇਂਟ ਕੀਤੇ। ਸ੍ਰੀ ਸਤਿਗੁਰੂ ਜੀ ਆਪਣੀ ਮਿਠੀ ਮੁਸਕਾਨ ਨਾਲ ਬੱਚਿਆਂ ਨੂੰ ਬਹੁਤ ਪਿਆਰ ਕੀਤਾ। ਸਾਰੀ ਸੰਗਤ ਨੂੰ ਸਤਿਗੁਰੂ ਜੀ ਨੇ ਖੁਸ਼ੀਆਂ ਵੰਡੀਆਂ। ਬਾਹਰ ਆ ਸਤਿਗੁਰੂ ਜੀ ਸੰਤ ਜਗਚਾਨਣ ਸਿੰਘ ਜੀ ਦੇ ਘਰ Toongabbie ਵਿਖੇ ਨਿਵਾਸ ਕੀਤਾ।

**ਮਿਤੀ 12 ਤੋਂ 16 ਤੱਕ** ਦਾ ਸਾਰਾ ਪ੍ਰੋਗਰਾਮ ਇਕ ਬਹੁਤ ਹੀ ਵੱਡੇ ਗੱਲ ਵਿਚ ਜਿਸ ਦਾ ਪਤਾ 166- GLENDENNING ROAD GLENDENNING NSW 2761 Sydney ਵਿੱਚ ਆਯੋਜਿਤ ਕੀਤਾ ਗਿਆ। ਸੰਤ ਜਗਚਾਨਣ ਸਿੰਘ ਤੇ ਸੂਬਾ ਹਰਭਜਨ ਸਿੰਘ ਜੀ ਨੇ ਸਾਰੇ Tour ਦਾ ਪ੍ਰੋਗਰਾਮ ਤਿਆਰ ਕੀਤਾ। ਸਤਿਗੁਰੂ ਜੀ ਨੇ ਸਮੇਂ ਮੁਤਾਬਿਕ ਕੁਝ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ- ਸਵਿੰਦਰ ਸਿੰਘ, ਸ਼ਾਮ ਸਿੰਘ, ਨਵਤੇਜ ਸਿੰਘ ਆਦਿ।

**13-4-2025–** ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਵਿੰਦਰ ਸਿੰਘ, ਸ਼ਾਮ ਸਿੰਘ, ਕਿਰਪਾਲ ਸਿੰਘ, ਹਰਨਾਮ ਸਿੰਘ, ਹਰਪ੍ਰੀਤ ਸਿੰਘ ਨੇ ਤੰਤੀ ਸਾਜਾਂ ਦੇ ਨਾਲ ਗਾਇਨ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ। ਵਾਰ ਦੀ ਭੋਗ ਦੇ ਨਾਲ ਹੀ ਸ੍ਰੀ ਸਤਿਗੁਰੂ ਜੀ ਨੇ 2 ਗੱਡੀਆਂ ਵਿਚ ਚਰਨ ਪਾਏ।

**Kiama Tour–** ਪ੍ਰਬੰਧਕਾਂ ਦੇ ਅਨੁਸਾਰ ਸਾਰੀ ਸੰਗਤ ਆਪੋ-ਆਪਣੀਆਂ ਗੱਡੀਆਂ ਵਿਚ ਬੈਠਕੇ Kiama Beach ਵੱਲ ਰਵਾਨਾ ਹੋਈ। ਸਾਨੂੰ ਵੀ ਗੱਡੀਆਂ ਸਾਡੇ ਦਿੱਤੇ ਹੋਏ ਡੇਰਿਆਂ ਵਿਚੋਂ ਲੈ ਕੇ Glendenning ਵਿਖੇ ਉਤਾਰ ਦਿੱਤਾ। ਸ੍ਰੀ ਸਤਿਗੁਰੂ ਜੀ ਦੀ ਗੱਡੀ ਤੇ ਬਾਕੀ ਸਿੱਖਾਂ ਦੀਆਂ ਗੱਡੀਆਂ Kiama Beach ਵੱਲ ਰਵਾਨਾ ਹੋਈਆਂ। ਤਕਰੀਬਨ 2 ਘੰਟੇ ਦੇ ਸਫ਼ਰ ਤੋਂ ਬਾਅਦ ਅਸੀਂ ਬਹੁਤ ਹੀ ਸ਼ਾਨਦਾਰ ਬੀਚ ਦੇ ਕੰਢੇ ਜਾ ਖੜੇ ਹੋਏ ਜਿਥੇ ਬਹੁਤ ਹੀ ਉਚੇ ਨੀਵੇਂ ਪੱਥਰਾਂ ਦੇ ਪਹਾੜ ਸਨ। ਪਾਣੀ ਦੀਆਂ ਛੱਲਾਂ ਦੇ ਨਾਲ ਹਮੇਸ਼ਾ ਮਿਲੇ ਹੀ ਰਹਿੰਦੇ ਸਨ। ਬੀਚ ਦੇ ਨਾਲ ਟਰੈਕ ਦੀ ਜਗ੍ਹਾ ਬਣੀ ਸੀ। 4 ਕਿਲੋਮੀਟਰ ਦਾ ਫਾਸਲਾ ਤਹਿ ਕਰਕੇ ਅਸੀਂ ਬਾਹਰ ਆ ਗਏ। ਇਥੇ ਗੱਡੀਆਂ ਆਕੇ ਰੁਕੀਆਂ। ਸਤਿਗੁਰੂ ਜੀ ਨੇ ਜਲ ਪਾਣੀ ਛਕਿਆ। ਇਥੇ ਹੀ ਸਤਿਗੁਰੂ ਜੀ ਨੇ ਜਗਜੀਤ ਸਿੰਘ ਮਾਨ ਦੀਆਂ ਦੋਨੋਂ ਗੱਡੀਆਂ ਵਿਚ ਚਰਨ ਪਾਏ। ਪਾਤਸ਼ਾਹ ਜੀ ਨੇ ਖੁਸ਼ੀਆਂ ਬਖਸ਼ੀਆਂ। ਵਾਪਸ ਡੇਰੇ ਨੂੰ ਰਵਾਨਾ ਹੋਏ। ਸ਼ਾਮ ਦਾ ਨਿਤਨੇਮ ਤੇ ਕੀਰਤਨ ਹੋਇਆ। ਸਾਰੀ ਸੰਗਤ ਨੇ ਗੁਰੂ ਕਾ ਲੰਗਰ ਛਕਿਆਂ ਤੇ ਗੱਡੀਆਂ ਰਾਹੀ ਆਪੋ-ਆਪਣੇ ਡੇਰੇ ਪਹੁੰਚ ਗਏ।

**14-4-2025–** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਹਰ ਰੋਜ਼ ਦੀ ਤਰ੍ਹਾਂ ਗਾਇਨ ਕੀਤਾ। 6:30 ਵਜੇ ਸਮਾਪਤੀ ਤੋਂ ਬਾਅਦ ਗੁਰੂ ਕਾ ਲੰਗਰ ਤਿਆਰ ਸੀ। ਲੰਗਰ ਛੱਕ ਕੇ Tour ਤੇ ਜਾਣ ਲਈ ਠੀਕ 9:30 ਵਜੇ ਤਿੰਨੇ ਵੱਡੀਆਂ ਬੱਸਾ ਤਿਆਰ ਖੜੀਆ ਸਨ। ਸ੍ਰੀ ਸਤਿਗੁਰੂ ਜੀ ਤੇ ਮਾਤਾ ਜੀ ਬੱਸ ਵਿਚ ਪਹਿਲੀ ਸੀਟ ਤੇ ਬਿਰਾਜਮਾਨ ਹੋਏ ਤੇ ਬਾਕੀ ਸੀਟਾਂ ਤੇ ਸਾਰੀ ਸੰਗਤ ਬੈਠ ਗਈ। ਅੱਜ ਅਸੀਂ ਜਾਣ ਦਾ ਪ੍ਰੋਗਰਾਮ ਬਣਾਇਆ ਸੀ ਜਿਸ ਤਰ੍ਹਾਂ ਪ੍ਰਬੰਧਕਾਂ ਨੇ ਦੱਸਿਆ ਕਿ ਅਸੀਂ ਸਭ ਤੋਂ ਪਹਿਲਾਂ Darling Harbour ਤੇ ਜਾਣਾ ਫਿਰ ਉਥੋਂ Cruise ਤੇ ਜਾਣਾ ਹੈ। ਤਕਰੀਬਨ ਇਕ ਘੰਟੇ ਦੀ Drive ਤੋਂ ਬਾਅਦ ਅਸੀਂ ਉਸ ਜਗ੍ਹਾ ਪਹੁੰਚ ਗਏ। Harbour ਦੇ ਨਾਲ-ਨਾਲ ਸੰਗਤਾਂ ਦਰਸ਼ਨ ਮੇਲੇ ਕਰਦੀਆਂ Cruise ਦੇ ਨੇੜੇ ਪਹੁੰਚ ਗਈਆਂ। Cruise ਆ ਕੇ ਅੱਡੇ ਤੇ ਲਗ ਗਿਆ ਜਹਾਜ ਦੇ Captian ਨੇ ਇੰਗਲਿਸ਼ ਵਿਚ ਬੋਲ ਕੇ Terms and Conditions ਬਾਰੇ ਦੱਸਿਆ। ਇਹ ਸਾਰਾ Cruise ਨਾਮਧਾਰੀਆਂ ਵਾਸਤੇ ਬੁੱਕ ਕੀਤਾ ਹੋਇਆ ਸੀ। Opera House ਜਿਹੜਾ ਸੰਸਾਰ ਭਰ ਵਿਚ ਮਸ਼ਹੂਰ ਹੈ ਤੇ ਇਕ Bridg ਪੁੱਲ ਹੈ ਉਸ ਕੋਲ ਦੀ ਲੰਘੇ ਤਾਂ ਕੈਮਰੇ ਤੇ ਫ਼ੋਨ ਚਾਲੂ ਹੋ ਗਏ। 4 ਘੰਟੇ ਜਹਾਜ Harbour ਦੇ ਵਿਚ ਹੀ ਚਲਦਾ ਰਿਹਾ। ਸਤਿਗੁਰੂ ਜੀ ਨਾਲ ਸਾਰੀ ਸੰਗਤ

ਨੇ ਤਸਵੀਰਾਂ ਵੀ ਖਿਚੀਆਂ। ਇਕ ਨੌਜਵਾਨ ਫਲ ਦੇਣ ਆਇਆ ਤੇ ਆ ਕੇ ਸਤਿਗੁਰੂ ਜੀ ਦੇ ਮੋਢੇ ਤੇ ਹੱਥ ਰੱਖਕੇ ਕਹਿਣ ਲੱਗਾ ਕਿ ਪ੍ਰਧਾਨ ਜੀ ਜੈਕਟ ਵਾਲੇ ਕਿਥੇ ਹਨ। ਮੈਂ ਇਕ ਪਾਸੇ ਖੜਾ ਸੀ। ਪਾਤਸ਼ਾਹ ਜੀ ਮੁਸਕਰਾਏ ਤੇ ਬਚਨ ਕੀਤਾ ਇਥੇ ਵੀ ਤੈਨੂੰ ਜਾਣਦੇ ਨੇ ਪ੍ਰਧਾਨ ਕਰਕੇ? ਸਾਰੀਆਂ ਸੰਗਤਾ ਹੱਸ ਪਈਆਂ। ਮੌਸਮ ਬਹੁਤ ਵਧੀਆ ਸੀ। ਸਾਡਾ ਸਫ਼ਰ ਬਹੁਤ ਵਧੀਆ ਰਿਹਾ। ਵਾਪਸ ਬੱਸਾਂ ਵਿਚ ਬੈਠ ਕੇ ਸੰਗਤ ਲੰਗਰ ਹਾਲ ਵਿਚ ਪਹੁੰਚ ਪ੍ਰਸ਼ਾਦਾ ਪਾਣੀ ਛੱਕ ਕੇ ਆਪਣੇ ਡੇਰਿਆਂ ਵਿਚ ਪਹੁੰਚੀ।

**15-4-2025-** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਗਾਇਨ ਕੀਤਾ। ਸਤਿਗੁਰੂ ਜੀ ਨੇ ਚੰਡੀ ਦੀ ਵਾਰ ਦਾ ਪਾਠ ਕੀਤਾ ਉਪਰੰਤ ਗੱਡੀਆਂ ਵਿਚ ਚਰਨ ਪਾਏ ਤੇ ਸਾਧ ਸੰਗਤ ਦੀਆਂ ਅਰਜਾਂ ਸੁਣੀਆਂ। ਲੰਗਰ ਪਾਣੀ ਛੱਕ ਕੇ ਸਿੰਘ ਤਿਆਰ ਹੋ ਗਏ ਤੇ ਸੀਟੀ ਘੁੰਮਣ ਲਈ ਗਏ। ਸਤਿਗੁਰੂ ਜੀ ਨੇ ਬੰਦਰਗਾਹ ਦੇ ਕੋਲ ਦੀ ਹੁੰਦੇ ਹੋਏ ਸ਼ਹਿਰ ਵਿਚ ਪਹੁੰਚੇ ਅੱਗੇ ਜਾ ਕੇ Hyde Park ਕੋਲ ਸਤਿਗੁਰੂ ਜੀ ਕੁਝ ਸਮਾਂ ਆਸਣ ਤੇ ਬਿਰਾਜਮਾਨ ਹੋਏ ਇਥੇ ਨਾਲ ਹੀ ਇਕ ਸ਼ਾਨਦਾਰ ਚਰਚ ਬਣੀ ਹੋਈ ਹੈ। ਸਤਿਗੁਰੂ ਜੀ ਬੈਠ ਸਿੱਖਾਂ ਕੋਲੋਂ ਸਾਖੀਆਂ ਸੁਣਦੇ ਰਹੇ ਸੂਬਾ ਹਰਭਜਨ ਸਿੰਘ ਲੁਧਿਆਣਾ ਨੇ ਵੀ ਇਕ ਸਾਖੀ ਦਾ ਜ਼ਿਕਰ ਕੀਤਾ। ਇਥੇ ਇਕ ਯਾਦਗਾਰੀ ਤਸਵੀਰ ਖਿਚੀ ਗਈ। ਸਾਰੀ ਸੰਗਤ ਪੈਦਲ ਸ਼ਹਿਰ ਵਿਚੋਂ ਦੀ ਹੋ ਗੱਡੀਆਂ ਕੋਲ ਪਹੁੰਚੀ। ਸ਼ਾਮ ਨੂੰ ਜਥੇ. ਗੁਰਲਾਲ ਸਿੰਘ ਨੇ ਹੱਲੇ ਦਾ ਦੀਵਾਨ ਸਜਾਇਆ ਤੇ ਸਥਾਨਿਕ ਬੱਚਿਆਂ ਨੇ Performance ਕੀਤੀ। ਸਤਿਗੁਰੂ ਜੀ ਨੇ ਪਾਵਨ ਪਵਿੱਤਰ ਉਪਦੇਸ਼ ਦੇ ਕੇ ਨਿਹਾਲ ਕੀਤਾ।

**16-4-2025-** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਗਾਇਨ ਕੀਤਾ ਗਿਆ। ਠੀਕ 6:30 ਵਜੇ ਭੋਗ ਪਿਆ। ਲੰਗਰ ਪਾਣੀ ਛੱਕ ਸੰਗਤਾਂ ਅਸਲ਼ੀ Destination ਵਾਸਤੇ ਮੈਲਬਰਨ ਤਿਆਰ ਹੋਈ। ਗੱਡੀਆਂ ਰਾਹੀ ਏਅਰਪੋਰਟ ਤੇ ਪਹੁੰਚ ਕੀਤੀ ਤੇ ਸਤਿਗੁਰੂ ਜੀ, ਮਾਤਾ ਜੀ, ਸੂਬਾ ਸਤਨਾਮ ਸਿੰਘ ਤੇ ਬਾਕੀ ਸੰਗਤ ਜਹਾਜ ਰਾਹੀ ਬੈਠ ਮੈਲਬੋਰਨ ਦੀ ਸੰਗਤ ਨੂੰ ਦਰਸ਼ਨ ਦੇਣ ਲਈ ਏਅਰਪੋਰਟ ਤੇ ਪਧਾਰੇ। ਮੈਲਬੋਰਨ ਏਅਰਪੋਰਟ ਤੇ ਸੰਗਤਾਂ ਨੇ ਗੁਰੂ ਜੀ ਦਾ ਹਾਰਦਿਕ ਸੁਆਗਤ ਕੀਤਾ। ਸਤਿਗੁਰੂ ਜੀ ਨੇ ਕੁਝ ਘਰਾਂ ਵਿਚ ਚਰਨ ਪਾਏ। ਇਕ ਘਰ ਵਿਚ ਜਲ ਪਾਣੀ ਛਕਿਆ ਤੇ ਸ਼ਾਮ ਨੂੰ ਆਪਣੀ ਧਰਮਸ਼ਾਲਾ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਬੱਚਿਆਂ ਤੇ ਸਤਿਗੁਰੂ ਜੀ ਦੇ ਸੁਆਗਤ ਲਈ ਹੱਲੇ ਦਾ ਦੀਵਾਨ ਸਜਾਇਆ ਇਸ ਤੋਂ ਬਾਅਦ ਸਤਿਗੁਰੂ ਜੀ ਦੇ ਕਮਰੇ ਕੋਲ ਬੱਚਿਆਂ ਵਲੋਂ ਰਿਬਨ ਕੱਟਣ ਦਾ ਇੰਤਜ਼ਾਮ ਕੀਤਾ ਹੋਇਆ ਸੀ। ਸਤਿਗੁਰੂ ਜੀ ਰਿਬਨ ਕੱਟ ਕੇ ਕਮਰੇ ਦਾ ਉਦਘਾਟਨ ਕੀਤਾ। ਕੁਝ ਸਮਾਂ ਸਤਿਗੁਰੂ ਜੀ ਕਮਰੇ ਵਿੱਚ ਬੈਠ ਬਾਹਰ ਆ ਕੇ ਸਾਰੇ ਪਾਰਕ ਦਾ ਜਿਥੇ ਫਲਦਾਰ ਬੂਟੇ ਲੱਗੇ ਹੋਏ ਸਨ ਦਾ ਨਿਰੀਖਿਣ ਕੀਤਾ। ਸ਼ਾਮ ਦਾ ਲੰਗਰ ਪਾਣੀ ਛੱਕ ਅਸੀਂ ਸਾਰੇ ਆਪੋ-ਆਪਣੇ ਡੇਰਿਆਂ ਵਿਚ ਚਲੇ ਗਏ।

**17-4-2025-** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸਵੇਰੇ 4:30 ਤੋਂ 6:30 ਵਜੇ ਤੱਕ ਹਜ਼ੂਰੀ ਰਾਗੀ ਸਿੰਘਾਂ ਨੇ ਗਾਇਨ ਕੀਤਾ। ਅੱਜ ਘੁੰਮਣ ਫਿਰਨ ਦਾ ਪ੍ਰੋਗਰਾਮ ਬਣਾਇਆ ਇਸ ਕਰਕੇ ਸਾਰੀ ਸੰਗਤ ਆਪੋ-ਆਪਣੀਆਂ ਗੱਡੀਆਂ ਰਾਹੀ ਤਿਆਰ ਹੋ ਪਹੁੰਚ ਗਈਆਂ। Rainforest Gallery, Redgum Forest ਆਦਿ ਸਥਾਨਾਂ ਨੂੰ ਦੇਖਣ ਦਾ ਸਮਾਂ ਮਿਲਿਆ। ਘੁੰਮਣ ਲਈ ਵਧੀਆ ਜਗ੍ਹਾ ਬਣੀ ਹੋਈ ਸੀ। ਕੁਲ ਮਿਲਾ ਕੇ ਇਨ੍ਹਾਂ ਜਗ੍ਹਾ ਦਾ ਸਤਿਗੁਰੂ ਜੀ, ਮਾਤਾ ਜੀ ਤੇ ਸਾਰੀ ਸੰਗਤ ਨੇ ਬਹੁਤ ਅਨੰਦ ਮਾਣਿਆ। ਲੰਗਰ ਪਾਣੀ ਨਾਲ ਲੈ ਕੇ ਗਏ ਸੀ ਉਥੇ ਹੀ ਸੰਗਤ ਨੇ ਛੱਕ ਕੇ ਅਨੰਦ ਮਾਣਿਆ ਤੇ ਸ਼ਾਮੀ 4 ਵਜੇ ਵਾਪਸ ਗੱਡੀਆਂ ਰਾਹੀ ਧਰਮਸ਼ਾਲਾ ਪਹੁੰਚ ਗਏ। ਨਿਤਨੇਮ ਕੀਰਤਨ ਕਰਨ ਉਪਰੰਤ ਲੰਗਰ ਪਾਣੀ ਛਕ ਰਾਤ ਨੂੰ ਡੇਰੇ ਚਲੇ ਗਏ।

**18-4-2025-** ਅੱਜ ਸਵੇਰੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਦੇ ਨਾਲ ਗਾਇਨ ਕੀਤਾ। ਅੱਜ ਸ਼ਾਮੀ ਸੰਗੀਤ ਦੀ ਬੈਠਕ ਸੀ। ਸਭ ਤੋਂ ਪਹਿਲਾਂ ਹਜ਼ੂਰੀ ਰਾਗੀ ਬਲਵੰਤ ਸਿੰਘ ਤੇ ਸਾਥੀ ਸਿੰਘਾਂ ਨੇ ਸ਼ਬਦ ਗਾਇਨ ਕੀਤੇ ਉਸ ਤੋਂ ਪ੍ਰਸਿੱਧ ਉਸਤਾਦ ਸ੍ਰੀ ਯੋਗੇਸ ਸਮਸੀ ਜੀ ਜਿਹਨਾਂ ਦਾ ਸੰਗੀਤ ਦੀ ਦੁਨੀਆਂ ਵਿੱਚ ਪ੍ਰਸਿੱਧ ਹੈ, ਉਹਨਾਂ ਨੇ ਆਪਣੇ ਸਮੇਂ ਵਿਚ ਤਬਲੇ ਦੀਆਂ ਸੁਰਾਂ ਨੂੰ ਸੰਗੀਤ ਪ੍ਰੇਮੀਆਂ ਦੇ ਮਨਾ ਨੂੰ ਟੁੰਬਿਆ। ਸੰਗੀਤ ਪ੍ਰੇਮੀਆਂ ਨੇ ਸੰਗੀਤ ਦਾ ਅਨੰਦ ਮਾਣਿਆ। ਪੰਡਿਤ ਯੋਗੇਸ ਸਮਸੀ ਨੂੰ ਸਤਿਗੁਰੂ ਜੀ ਨੇ ਸਿਰੋਪਾਉ ਬਖਸ਼ਿਆ।

**19-4-2025-** ਆਸਾ ਦੀ ਵਾਰ ਦਾ ਕੀਰਤਨ ਤੇ ਚੰਡੀ ਦੀ ਵਾਰ ਦਾ ਪਾਠ ਕਰਨ ਉਪਰੰਤ ਜਲ ਪਾਣੀ ਛਕਿਆ। ਸਾਰੀ ਸੰਗਤ ਗੱਡੀਆਂ ਰਾਹੀ ਬੈਠ ਘੁੰਮਣ ਵਾਸਤੇ ਤਿਆਰ ਹੋਈ। ਅੱਜ ਘੁੰਮਣ ਦੀ ਜਗ੍ਹਾ ਸੀ- Wilson Promenantory National Park, Tidal River Beach Bigdift ਇਥੇ ਤਕਰੀਬਨ 4 ਘੰਟੇ ਦਾ ਸਮਾਂ

ਲੱਗਿਆ ਤੇ ਸੰਗਤ ਤੇ ਖੂਬਸੂਰਤ ਜਗ੍ਹਾ ਦਾ ਅਨੰਦ ਮਾਣਿਆ।

**20-4-2025-** ਆਸਾ ਦੀ ਵਾਰ ਦਾ ਮਨੋਹਰ ਕੀਰਤਨ ਗਾਇਨ ਕੀਤਾ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਅੱਜ ਮੈਂ ਪਹਿਲਾ International ਮੈਲਬੋਰਨ ਵਿੱਚ ਸਪੰਨ ਕੀਤਾ। ਇਹ ਅਨੰਦ ਕਾਰਜ ਐਲਨਾਬਾਦ ਤੋਂ ਸੀ। ਸ੍ਰੀ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਸਤਿਗੁਰੂ ਜੀ ਬਚਨ ਕੀਤਾ ਪ੍ਰਧਾਨ ਨੇ International ਵਿਆਹ ਵੀ ਕਰ ਦਿੱਤਾ ਹੈ।

**21-4-2025-** ਵਾਰ ਦੇ ਕੀਰਤਨ ਤੋਂ ਗੁਰੂ ਕਾ ਲੰਗਰ ਛੱਕ ਕੇ ਸਿੰਘ ਤਿਆਰ ਬਰ ਤਿਆਰ ਹੋਏ। ਸ੍ਰੀ ਸਤਿਗੁਰੂ ਜੀ ਆਪਣੇ ਸਿੱਖ ਸੇਵਕਾਂ ਦੀਆਂ ਅਰਜਾ ਸੁਣੀਆਂ ਤੇ ਗੱਡੀਆਂ ਚਰਨ ਪਾਉਣ ਦੀ ਕਿਰਪਾ ਕੀਤੀ। ਸਤਿਗੁਰੂ ਜੀ ਨੇ ਕੁਝ ਘਰਾਂ ਵਿਚ ਚਰਨ ਪਾਏ ਤੇ ਸ਼ਾਮ ਦਾ ਨਿਤਨੇਮ ਤੇ ਕੀਰਤਨ ਹੋਇਆ। ਲੰਗਰ ਛੱਕ ਕੇ ਆਪੋ-ਆਪਣੇ ਡੇਰਿਆ ਵਿਚ ਚਲੇ ਗਏ। ਸ੍ਰੀ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ ਵਿਚ ਸਾਰੀ ਸੰਗਤ ਦਾ ਧੰਨਵਾਦ ਕੀਤਾ। ਸਿੰਘਾਂ ਤੇ ਬੀਬੀਆਂ ਦਾ ਜਿਨ੍ਹਾਂ ਨੇ ਦਿਨ ਰਾਤ ਸਾਧ ਸੰਗਤ ਦੀ ਸੇਵਾ ਕੀਤੀ। ਸਤਿਗੁਰੂ ਜੀ ਨੇ ਨੌਜਵਾਨਾਂ ਨੂੰ ਸਿੱਖੀ ਨਾਲ ਜੁੜਨ ਵਾਸਤੇ ਪ੍ਰੇਰਿਤ ਕੀਤਾ।

**22-4-2025-** ਸਤਿਗੁਰੂ ਜੀ, ਮਾਤਾ ਜੀ ਤੇ ਆਪਣੇ ਕੁਝ ਸੇਵਕਾਂ ਨਾਲ Adilade ਨੂੰ ਜਾਣ ਵਾਸਤੇ ਕਮਰ ਕੱਸੇ ਕਰ ਲਏ। ਏਅਰਪੋਰਟ ਤੇ ਮੈਲਬੋਰਨ ਦੀ ਸੰਗਤ ਨੇ ਸਤਿਗੁਰੂ ਜੀ ਨੂੰ ਅਲਵਿਦਾ ਕੀਤਾ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਲਈਆਂ ਤੇ Adilade ਏਅਰਪੋਰਟ ਤੇ ਉਥੋਂ ਦੀ ਸੰਗਤ ਨੇ ਸਤਿਗੁਰੂ ਜੀ ਦਾ ਨਿੱਘਾ ਸੁਆਗਤ ਕੀਤਾ ਤੇ ਜਾਂਦੇ ਰਸਤੇ ਵਿਚ ਕੁਝ ਸਿੱਖਾਂ ਦੇ ਘਰਾਂ ਵਿਚ ਚਰਨ ਪਾਏ। ਅਗਲੇ ਦਿਨ ਆਸਾ ਦੀ ਵਾਰ ਦਾ ਕੀਰਤਨ ਹੋਇਆ ਤੇ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਦੇ ਘਰਾਂ ਵਿਚ ਚਰਨ ਪਾਏ ਤੇ ਘੁੰਮਣ ਵਾਸਤੇ ਸੰਗਤਾਂ ਨਾਲ ਰਵਾਨਾ ਹੋਏ। 24 ਨੂੰ ਵਾਪਸ ਸਤਿਗੁਰੂ ਜੀ ਪਰਥ ਦੀ ਸੰਗਤ ਨੂੰ ਦਰਸ਼ਨ ਦਿੱਤੇ ਸ੍ਰੀ ਸਤਿਗੁਰੂ ਜੀ ਦਾ ਛੋਟੇ-ਛੋਟੇ ਬੱਚਿਆਂ ਤੇ ਸਾਧ ਸੰਗਤ ਨੇ ਨਵੇਂ ਬਣੇ ਡੇਰੇ ਵਿਚ ਸਤਿਗੁਰੂ ਜੀ ਦਾ ਹਾਰਦਿਕ ਸੁਆਗਤ ਕੀਤਾ। ਸਤਿਗੁਰੂ ਜੀ ਨੇ ਸਾਰੇ ਡੇਰੇ ਦਾ ਨਿਰੀਖਿਅਣ ਕੀਤਾ। ਇਹ ਪਹਿਲੀ ਧਰਮਸਾਲਾ ਹੈ ਜਿਥੇ ਵਿੱਚ ਹੀ ਸਤਿਗੁਰੂ ਜੀ ਦਾ ਵਿਚੇ ਹੀ ਡੇਰਾ ਬਣਿਆ ਹੋਇਆ ਹੈ। ਪੰਜ ਦਿਨ ਸਤਿਗੁਰੂ ਜੀ ਦਾ ਡੇਰਾ ਇਥੇ ਹੀ ਰਿਹਾ। ਸਤਿਗੁਰੂ ਜੀ ਨੇ ਆਪਣੇ ਸਿੱਖਾਂ ਦੇ ਘਰਾਂ ਵਿਚ ਚਰਨ ਪਾਏ। ਇਥੇ ਵੀ ਦੂਸਰਾ ਅਨੰਦ ਕਾਰਜ ਸੁੰਦਰ ਨਗਰ ਤੋਂ ਕੀਤਾ ਗਿਆ। ਇਸ ਕਰਕੇ ਦੋ ਇੰਟਰਨੈਸ਼ਨਲ ਅਨੰਦ ਕਾਰਜ ਸੰਪੂਰਨ ਹੋਏ। ਸਤਿਗੁਰੂ ਜੀ ਨੇ ਅਪਾਰ ਖੁਸ਼ੀਆਂ ਬਖਸ਼ੀਆਂ। ਤਿੰਨ ਦਿਨ ਛੋਟੇ ਬੱਚਿਆਂ ਵਲੋਂ ਸ਼ਬਦ ਕਵਿਤਾ ਤੇ ਗੁਰਬਾਣੀ, ਰਹਿਤਨਾਮਾ ਆਦਿ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੁਣਾਇਆ। ਮਿਤੀ 27 ਤਾਰੀਖ ਨੂੰ ਪਾਠਾਂ ਦੇ ਭੋਗ ਵੀ ਪਾਏ ਗਏ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਕ ਦਿਨ ਸਿਟੀ ਟੂਰ ਵੀ ਕੀਤਾ ਗਿਆ। ਪਰਥ ਦੀ ਸੰਗਤ ਵਿਚ ਵੀ ਭਰਪੂਰ ਉਤਸ਼ਾਹ ਸੀ। ਸ੍ਰੀ ਸਤਿਗੁਰੂ ਜੀ ਦੀ ਰਾਤ ਨੂੰ ਲੰਗਰ ਛਕਣ ਉਪਰੰਤ ਕੁਝ ਸਮਾਂ ਸਾਖੀਆਂ ਸੁਣਾਈਆਂ ਜਾਂਦੀਆਂ।

ਅੰਤ ਵਿਚ ਇਸ ਦੌਰੇ ਦੀ ਸਮਾਪਤੀ ਕਰਦਾ ਹਾਂ। ਸਤਿਗੁਰੂ ਜੀ ਨਾਲ ਮਹੀਨਾ ਪੂਰਾ ਸਿੱਖਾਂ ਸੇਵਕਾਂ ਅਨੰਦ ਮਾਣਿਆ ਤੇ ਅਰਜਾਂ ਸੁਣੀਆਂ। ਸਿੱਖਾਂ ਦੇ ਘਰਾਂ ਵਿੱਚ ਚਰਨ ਪਾਏ। ਵੱਖ-ਵੱਖ ਜਗ੍ਹਾ ਤੇ ਘੁੰਮਣ ਗਏ। ਨਵੇਂ ਨੌਜਵਾਨਾਂ ਨੂੰ ਸਿੱਖੀ ਵਲ ਪ੍ਰੇਰਿਆ। ਨੌਜਵਾਨਾਂ ਨੂੰ ਸਿੱਖੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਹਫਤੇ ਵਿੱਚ ਇਕ ਵਾਰੀ ਸੰਗਤ ਕਰਨ ਦਾ ਉਪਦੇਸ਼ ਦਿੱਤਾ। ਅਸਟ੍ਰੇਲੀਆ ਦੀ ਸਾਰੀ ਸੰਗਤ ਨੇ ਤਨ ਮਨ ਤੇ ਧਨ ਨਾਲ ਪੂਰੀ ਸੇਵਾ ਕੀਤੀ। ਸਾਰੀ ਸੰਗਤ ਨੇ ਸਤਿਗੁਰੂ ਜੀ ਦੇ ਦਰਸ਼ਨ ਦੇਣ ਦਾ ਬਹੁਤ ਧੰਨਵਾਦ ਕੀਤਾ। ਅੱਗੇ ਤੋਂ ਵੀ ਜਲਦੀ ਦਰਸ਼ਨ ਦੇਣ ਬਾਰੇ ਅਰਜ਼ ਕੀਤੀ। ਇਸ ਤਰ੍ਹਾਂ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ 5ਵਾਂ ਅਸਟ੍ਰੇਲੀਆ ਦੌਰਾ ਸਮਾਪਤ ਹੋਇਆ।

**ਗੁਰਦੇਵ ਸਿੰਘ ਚੀਮਾ**

.......................................................

## ਪਿੰਡ ਬਾਜਾਖਾਨਾ ਵਿਖੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵਲੋਂ ਦਿੱਤੇ ਹੋਏ ਪ੍ਰੋਗਰਾਮ ਦੇ ਮੁਤਾਬਿਕ ਸ੍ਰੀ ਸਤਿਗੁਰੂ ਜੀ **ਮਿਤੀ 13 ਫਰਵਰੀ 2025 ਦਿਨ ਵੀਰਵਾਰ** ਨੂੰ ਸ਼ਾਮ ਦੇ ਸਮੇਂ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਜਗਰਾਓ, ਮੋਗਾ ਹੁੰਦਾ ਹੋਏ ਪਿੰਡ ਬਾਜਾਖਾਨਾ ਵਿਖੇ ਸ. ਜਰਨੈਲ ਸਿੰਘ, ਹਰਨੈਲ ਸਿੰਘ, ਮਲਕੀਤ ਸਿੰਘ ਪੁੱਤਰ ਸ. ਚੰਦ ਸਿੰਘ ਗ੍ਰਹਿ ਵਿਖੇ ਦਰਸ਼ਨ ਦਿੱਤੇ। ਪਰਿਵਾਰ ਦੀ ਮਨੋਭਾਵਨਾ ਮੁਤਾਬਿਕ ਸ੍ਰੀ ਸਤਿਗੁਰੂ ਜੀ ਨੂੰ ਅਰਜ ਕਰਕੇ ਮੇਲਾ ਪਰਿਵਾਰ ਵਲੋਂ ਮੇਲਾ ਕਰਵਾਇਆ ਗਿਆ ਜਥੇ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ

ਰਾਤ ਏਥੇ ਹੀ ਵਿਸਰਾਮ ਕੀਤਾ। ਸਵੇਰੇ ਅੰਮ੍ਰਿਤ ਵੇਲੇ **ਮਿਤੀ 14 ਫਰਵਰੀ 2025 ਦਿਨ ਸ਼ੁੱਕਰਵਾਰ** ਨੂੰ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਬਲਵੰਤ ਸਿੰਘ, ਸੰਤਾ ਸਿੰਘ ਅਤੇ ਸ਼ਾਮ ਸਿੰਘ ਨੇ ਏਥੇ ਹੀ ਕੀਤਾ। ਸ੍ਰੀ ਸਤਿਗੁਰੂ ਜੀ ਨੇ ਪਿੰਡ ਬਾਜਾਖਾਨਾ ਵਿਖੇ ਕਰਨੈਲ ਸਿੰਘ, ਦਲਬੀਰ ਸਿੰਘ ਪੁੱਤਰ ਸ. ਚੇਤ ਸਿੰਘ, ਰੂਪ ਸਿੰਘ ਸੋਹੀ ਪੁੱਤਰ ਗੁਰਚਰਨ ਸਿੰਘ, ਜੁਗਰਾਜ ਸਿੰਘ, ਮਹਿੰਦਰ ਸਿੰਘ, ਕਰਨੈਲ ਸਿੰਘ ਪੁੱਤਰ ਧਰਮ ਸਿੰਘ, ਜੀਤ ਸਿੰਘ, ਗੁਰਦੇਵ ਸਿੰਘ, ਹਰਨੇਕ ਸਿਮਘ ਪੁੱਤਰ ਗੁਰਬਖਸ ਸਿੰਘ ਗਿੱਲ, ਪ੍ਰਿਤਪਾਲ ਸਿੰਘ ਪੁੱਤਰ ਸਰੂਪ ਸਿੰਘ ਚੇਅਰਮੈਨ ਆਦਿ ਪਰਿਵਾਰਾਂ ਦੇ ਅਰਜ ਕਰਨ ਤੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਸ. ਚੰਦ ਸਿੰਘ ਦੇ ਗ੍ਰਹਿ ਵਿਖੇ ਹੀ ਸਵੇਰੇ ਪਵਿੱਤਰ ਗੁਰਬਾਣੀ ਆਦਿ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਦੋ ਅਖੰਡ ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਏ ਗਏ। ਭੋਗ ਉਪਰੰਤ ਸੰਤ ਨਿਸ਼ਾਨ ਸਿੰਘ ਨੇ ਕਥਾ ਕੀਤੀ। ਸ੍ਰੀ ਸਤਿਗੁਰੂ ਜੀ ਦੇ ਦੌਰੇ ਸਮੇਂ ਲਾਂਗਰੀ ਵਰਿਆਮ ਸਿੰਘ ਨੇ ਲੰਗਰ ਦੀ ਸੇਵਾ ਨਿਭਾਈ ਸ੍ਰੀ ਸਤਿਗੁਰੂ ਜੀ ਬਾਜੇਖਾਨੇ ਤੋਂ ਵਾਪਸੀ ਸਮੇਂ ਪਿੰਡ ਜੰਸੀਆਣਾ ਵਿਖੇ ਸ. ਕੁਲਜੀਤ ਸਿੰਘ ਪੁੱਤਰ ਪਿਆਰਾ ਸਿੰਘ ਅਤੇ ਸ. ਸ਼ੇਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਏਥੇ ਹੀ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਪਿੰਡ ਚੱਕ ਕੂਕਿਆਂ ਵੱਲ ਨੂੰ ਰਵਾਨਾ ਹੋ ਗਿਆ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਪਿੰਡ ਸਿਆੜ੍ਹ ਦੀ ਸੰਗਤ ਸ੍ਰੀ ਭੈਣੀ ਸਾਹਿਬ ਪਧਾਰੀ

ਨਾਮਧਾਰੀ ਪੰਥ ਨਾਲ ਸਬੰਧਿਤ ਜਿਲ੍ਹਾਂ ਲੁਧਿਆਣਾ ਦਾ ਇਤਿਹਾਸਿਕ ਨਗਰ ਹੈ ਪਿੰਡ ਸਿਆੜ੍ਹ ਜੋ ਕਿਸੇ ਵੀ ਜਾਣ ਪਹਿਚਾਣ ਦਾ ਮਥਾਜ ਨਹੀਂ ਹੈ। ਜੁੱਗ ਪਲਟਾਊ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਚੁੱਕੇ ਗਏ ਕ੍ਰਾਤੀਕਾਰੀ ਕਦਮ ਦੀ ਕਰਮ ਭੂਮੀ ਹੈ ਪਿੰਡ ਸਿਆੜ ਜਿਥੇ ਸਿੱਖ ਇਤਿਹਾਸ ਵਿਚ ਪਹਿਲੀ ਵਾਰ 1 ਜੂਨ 1863 ਈ. ਨੂੰ ਮਾਈਆਂ (ਬੀਬੀਆਂ) ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਦੇ ਕੇ ਬਰਾਬਰਤਾ ਦਾ ਅਹਿਸਾਸ ਕਰਵਾਇਆ ਸੀ। ਏਸੇ ਹੀ ਇਤਿਹਾਸਿਕ ਦਿਨ ਦੀ ਯਾਦ ਵਿਚ ਸਮਾਗਮ ਕਰਨ ਦੀ ਅਰਜ ਕਰਨ ਲਈ ਅੱਜ ਪਿੰਡ ਸਿਆੜ ਦੇ ਪਤਵੰਤੇ ਸੱਜਨ ਜਿਨ੍ਹਾਂ ਵਿਚ ਸ. ਉਜਾਗਰ ਸਿੰਘ ਰੀਟਾਇਰ ਕਾਨੋਗੋ, ਮਾ. ਗੁਰਦੇਵ ਸਿੰਘ, ਸ. ਆਤਮਾ ਸਿੰਘ, ਪਾਲਾ ਸਿੰਘ, ਜੋਗਿੰਦਰ ਸਿੰਘ, ਪੰਚ ਜਗਜੀਤ ਸਿੰਘ, ਸਰਪੰਚ ਕਮਲਜੀਤ ਸਿੰਘ ਸਾਰੇ ਹੀ ਪਤਵੰਤੇ ਸੱਜਨਾ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਮੇਲੇ ਸਮੇਂ ਦਰਸ਼ਨ ਦੇਣ ਲਈ ਸਨਿਮਰ ਬੇਨਤੀ ਕੀਤੀ। ਸ੍ਰੀ ਸਤਿਗੁਰੂ ਜੀ ਨੇ ਆਏ ਸੱਜਨਾਂ ਨੂੰ ਬਹੁਤ ਹੀ ਅਪਣੱਤ ਨਾਲ ਪਰਿਵਾਰਾਂ ਦਾ ਹਾਲ-ਚਾਲ ਪੁੱਛਿਆ ਅਤੇ ਫਸਲਬਾੜੀ ਬਾਰੇ ਗੱਲਬਾਤ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸਭਨਾ ਨੂੰ ਆਪਣੇ ਪਵਿੱਤਰ ਕਰ-ਕਮਲਾਂ ਦੁਆਰਾ ਬਰਫੀ ਦਾ ਪ੍ਰਸ਼ਾਦ ਵੀ ਵਰਤਾਇਆ। ਆਏ ਹੋਏ ਸੱਜਨਾਂ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਅਤੀ ਅੰਤ ਖੁਸ਼ੀ ਦਾ ਪ੍ਰਗਟਾਵਾ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਪਿੰਡ ਝੱਲ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਨਾਮਧਾਰੀ ਪੰਥ ਦੇ ਨੌਜਵਾਨ ਪ੍ਰਚਾਰਕ ਪੰਡਿਤ ਯਾਦਵਿੰਦਰ ਸਿੰਘ ਜੀ ਦੇ ਪਿਤਾ ਸੰਤ ਹਰਭਜਨ ਸਿੰਘ ਖੰਡੂਵਾਲੀਆਂ ਵੱਲੋਂ ਹਰ ਸਾਲ ਬ੍ਰਹਮ ਗਿਆਨੀ ਸ੍ਰੀ ਮਹਾਤਮਾ ਸ੍ਰੀ ਮਾਨ ਸੰਤ ਜਗਤ ਸਿੰਘ ਖੰਡੂਵਾਲੀਆਂ ਦੀ ਯਾਦ ਵਿਚ ਮੇਲਾ ਨਗਰ ਨਿਵਾਸੀ ਅਤੇ ਇਲਾਕਾ ਨਿਵਾਸੀ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਇਆ ਜਾਂਦਾ ਹੈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਇਸ ਮਹਾਨ ਸਾਮਗਮ ਸਮੇਂ ਦਰਸ਼ਨ ਦੇਣ ਦੀ ਕਿਰਪਾ ਕਰਦੇ ਸਨ। ਇਸ ਸਾਲ **ਮਿਤੀ 14 ਫਰਵਰੀ 2025 ਦਿਨ ਸ਼ੁੱਕਰਵਾਰ** ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਅਰਜ ਪ੍ਰਵਾਨ ਕਰਦੇ ਹੋਏ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ। ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਨਿਰੰਤਰ ਜਾਰੀ ਸਨ। ਪੰਡਾਲ ਵਿਚ ਦਰਸ਼ਨ ਦੇਣ ਸਮੇਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪੰਡਿਤ ਯਾਦਵਿੰਦਰ ਸਿੰਘ ਕਥਾ ਕਰ ਰਹੇ ਸਨ। ਸਾਧ ਸੰਗਤ ਨੇ ਆਪੋ-ਆਪਣੀ ਵਾਰੀ ਮੁਤਾਬਿਕ ਸ਼ਰਧਾ ਅਤੇ ਸਤਿਕਾਰ ਨਾਲ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਇਲਾਕੇ ਦੇ ਨੇੜਲੇ ਪਿੰਡਾਂ ਦੀ ਸੰਗਤ ਵੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਪਹੁੰਚੀ ਹੋਈ ਸੀ। ਕਥਾ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਤ ਹਰਭਜਨ ਸਿੰਘ ਜੀ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਜਲਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ਼ੇਰ ਸਿੰਘ

ਪੁੱਤਰ ਹਰਨਾਮ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸ਼ੇਰ ਸਿੰਘ ਦੇ ਸਪੁੱਤਰ ਗੁਰਜਿੰਦਰ ਸਿੰਘ ਅਤੇ ਭੁਪਿੰਦਰ ਸਿੰਘ ਨੂੰ ਏਸ ਭਾਣੇ ਨੂੰ ਗੁਰਸਿੱਖੀ ਵਿਚ ਰਹਿ ਕੇ ਮੰਨਣ ਦਾ ਹੁਕਮ ਕੀਤਾ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸਰੂਪ ਸਿੰਘ ਪੁੱਤਰ ਸ. ਸੁਖਦੇਵ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਵਾਪਸੀ ਸਮੇਂ ਬੀਬੀ ਬਲਬੀਰ ਕੌਰ ਪਤਨੀ ਸ. ਮਹਿੰਦਰ ਸਿੰਘ ਦੇ ਚੜ੍ਹਾਈ ਕਰਨ ਤੇ ਘਰ ਪਾਉਣ ਦੀ ਕਿਰਪਾ ਕੀਤੀ। ਏਥੋ ਹੀ ਸ੍ਰੀ ਸਤਿਗੁਰੂ ਜੀ ਨੇ ਵਾਪਸੀ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਪਿੰਡ ਚੱਕ ਕੂਕਿਆਂ ਦੇ ਵਿਖੇ ਮੇਲਾ

ਨਾਮਧਾਰੀ ਇਤਿਹਾਸ ਦੇ ਪੰਨਿਆਂ ਤੇ ਪਿੰਡ ਚੱਕ ਕੂਕਿਆਂ (ਸੇਖੂਪੁਰ ਕਲਾਂ) ਦਾ ਨਾਮ ਸੁਨਹਿਰੀ ਅੱਖਰਾਂ ਵਿਚ ਦਰਜ ਹੈ। ਨਾਮਧਾਰੀ ਪੰਥ ਦੇ ਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਫੌਜ ਦੇ ਪਹਿਰੇ ਸਾਥੀ ਅਤੇ ਪੰਜ ਪਿਆਰਿਆਂ ਵਿਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਸੂਬਾ ਕਾਹਨ ਸਿੰਘ ਨਿਹੰਗ ਏਥੇ ਹੀ ਨਗਰ ਦੇ ਵਾਸੀ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਅਨੇਕਾਂ ਖੁਸ਼ੀਆਂ ਦੇ ਪਾਤਰ ਸੂਬਾ ਗੁਰਬਖਸ਼ ਸਿੰਘ ਚੱਕ ਅਤੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਭਾਈ ਵਜੀਰ ਸਿੰਘ ਵੀ ਏਸੇ ਨਗਰ ਦੇ ਜਮੰਪਲ ਸਨ। ਪਿੰਡ ਦੀ ਨਗਰ ਨਿਵਾਸੀ ਸਾਧ ਸੰਗਤ ਵਲੋਂ ਅਰਜ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ **ਮਿਤੀ 14 ਫਰਵਰੀ 2025 ਦਿਨ ਸ਼ੁੱਕਰਵਾਰ** ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਨਾਮਧਾਰੀ ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ ਸਮੇਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਜਥੇ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਸਜਾਇਆ।

ਏਸ ਸਮੇਂ ਉਦਾਸੀਨ ਡੇਰਾ ਈਮਾਮਗੜ੍ਹ ਦੇ ਮਹੰਤ ਹਰਪਾਲ ਦਾਸ ਵੀ ਉਚੇਚੇ ਤੌਰ ਤੇ ਪਧਾਰੇ। ਨਗਰ ਨਿਵਾਸੀ ਸਾਧ ਸੰਗਤ ਵਲੋਂ ਅੱਜ ਦਾ ਮੇਲਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬਸੰਤ ਦਾ ਮੇਲਾ ਮਨਾਇਆ ਗਿਆ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਸਭ ਨੂੰ ਸਵੇਰੇ ਅੰਮ੍ਰਿਤ ਵੇਲੇ ਸਣੇਕੇਸੀ ਇਸ਼ਨਾਨ ਕਰਨ ਅਤੇ ਨਾਮ ਬਾਣੀ ਨਾਲ ਜੁੜਨ ਦਾ ਹੁਕਮ ਕੀਤਾ। ਨਗਰ ਦੇ ਸਰਪੰਚ ਅਤੇ ਹੋਰ ਮੁੱਖੀ ਸੱਜਣਾ ਨੇ ਭੇਟਾ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਦਰਸ਼ਨ ਦੇਣ ਤੇ ਸ੍ਰੀ ਸਤਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਏਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਪ੍ਰਬੰਧਕਾਂ ਵਲੋਂ ਅਰਜ ਬੇਨਤੀ ਕਰਨ ਤੇ ਉਦਾਸੀਨ ਡੇਰਾ ਇਮਾਮਗੜ੍ਹ ਵਿਖੇ ਵੀ ਦਰਸ਼ਨ ਦੇਣ ਦੀ ਕਿਰਪਾ ਕੀਤੀ ਪ੍ਰਬੰਧਕਾਂ ਵਲੋਂ ਫੁੱਲਾਂ ਦੀ ਵਰਖਾ ਕਰਕੇ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ ਗਿਆ ਅਤੇ ਜੀ ਆਇਆ ਆਖਿਆ ਗਿਆ। ਏਥੋ ਹੀ ਸ੍ਰੀ ਸਤਿਗੁਰੂ ਜੀ ਪਿੰਡ ਝੱਲ ਵਿਖੇ ਸੰਤ ਜਗਤ ਸਿੰਘ ਖੰਡੂਵਾਲੀਆਂ ਦੀ ਯਾਦ ਵਿਚ ਮਨਾਏ ਜਾ ਰਹੇ ਮੇਲੇ ਵਿਚ ਦਰਸ਼ਨ ਦੇਣ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਸ੍ਰੀ ਸਤਿਗੁਰੂ ਜੀ ਦਾ ਇਲਾਕਾ ਸ੍ਰੀ ਜੀਵਨ ਨਗਰ

ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਵਰੋਸਾਈ ਹੋਈ ਧਰਤੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਵਾਜਿਸ ਦੀ ਪਾਤਰ ਧਰਤੀ ਹੈ ਇਲਾਕਾ ਸ੍ਰੀ ਜੀਵਨ ਨਗਰ। ਵਰਤਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਪੁਰਖਿਆਂ ਦੀ ਇਸ ਧਰਤੀ ਨੂੰ ਉਚੇਚਾ ਮਾਨ ਬਖਸ਼ਦੇ ਹਨ। ਸਾਧ ਸੰਗਤ ਦੀ ਅਰਜ ਬੇਨਤੀ ਪ੍ਰਵਾਨ ਕਰਦੇ ਹੋਏ। ਸ੍ਰੀ ਸਤਿਗੁਰੂ ਉਦੇ ਸਿੰਘ ਜੀ **ਮਿਤੀ 11 ਮਾਰਚ 2025 ਦਿਨ ਮੰਗਲਵਾਰ** ਨੂੰ ਸ੍ਰੀ ਭੈਣੀ ਸਾਹਿਬ ਤੋਂ ਵੱਲ ਕੇ ਪਿੰਡ ਭੰਗੂਰ ਜਿਲ੍ਹਾ ਸਿਰਸਾ ਵਿਖੇ ਸ. ਗੁਰਨਾਮ ਸਿੰਘ ਪੁੱਤਰ ਸ. ਜਗਤਾਰ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਮਸਤਾਨਗੜ੍ਹ ਪਹੁੰਚ ਕੁਝ ਸਮਾਂ ਰੁਕਣ ਤੇ ਪਿੰਡ ਪ੍ਰਤਾਪ ਨਗਰ ਵਿਖੇ ਬੀਬੀ ਲਖਵਿੰਦਰ ਕੌਰ ਪਤਨੀ ਸ. ਗੁਰਬਚਨ ਸਿੰਘ ਦੇ ਚੜ੍ਹਾਈ ਕਰਨ ਤੇ ਅਤੇ ਅਮਰਸਰ ਕਲਾਂ ਵਿਖੇ ਬੰਤਾ ਸਿੰਘ ਪੁੱਤਰ ਸ. ਬਲਵਿੰਦਰ ਸਿੰਘ ਦੀ ਪਤਨੀ ਬੀਬੀ ਗਿਆਨ ਕੌਰ ਦੇ ਚੜ੍ਹਾਈ ਕਰਨ ਤੇ ਪਰਿਵਾਰਾਂ ਨੂੰ ਦਰਸ਼ਨ ਦਿੱਤੇ। ਸੰਤ ਨਗਰ ਵਿਖੇ ਸ. ਗੁਰਤੇਜ ਸਿੰਘ ਨੰਬਰਦਾਰ ਪੁੱਤਰ ਸ. ਪ੍ਰੀਤਮ ਸਿੰਘ ਦੇ ਚੜ੍ਹਾਈ ਕਰਨ ਤੇ ਮਾਤਾ ਪ੍ਰਕਾਸ਼ ਕੌਰ ਸ. ਜੋਗਾ ਸਿੰਘ ਦੇ ਘਰ ਚਰਨ ਪਾਏ। ਪਿੰਡ ਕਰੀਵਾਲਾ ਵਿਖੇ ਬੀਬੀ ਜਸਬੀਰ ਕੌਰ ਪਤਨੀ ਸ. ਜੋਗਾ ਸਿੰਘ ਅਤੇ ਗੁਰਵੰਤ ਸਿੰਘ ਪੁੱਤਰ ਕੁਲਦੀਪ ਸਿੰਘ ਵਕੀਲੀਆਂ ਦੇ ਚੜ੍ਹਾਈ ਕਰਨ ਤੇ ਘਰ ਚਰਨ ਪਾਏ।

ਕਾਮਰੇਡ ਦਲਜੀਤ ਸਿੰਘ ਪੁੱਤਰ ਜਾਗਰ ਸਿੰਘ ਦੀ ਸਿਹਤ ਦਾ ਹਾਲ ਪੁੱਛਿਆ ਅਤੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਰਾਤ ਮਸਤਾਨਗੜ੍ਹ ਆਣ ਵਿਸ਼ਰਾਮ ਕੀਤਾ।

**ਮਿਤੀ 12 ਮਾਰਚ 2025 ਦਿਨ ਬੁੱਧਵਾਰ–** ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਮਸਤਾਨਗੜ੍ਹ ਵਿਖੇ ਵਿਕਰਮ ਸਿੰਘ ਐਲਨਾਬਾਦ ਦੀ ਅਗਵਾਈ ਵਿੱਚ ਜਥੇ ਨੇ ਵਾਰੇ ਦੇ ਰੂਪ ਵਿੱਚ ਕੀਤਾ। ਇਕ ਲੜਕੇ ਲੜਕੀ ਦਾ ਅਨੰਦ ਗੁਰ ਮਰਿਯਾਦਾ ਅਨੁਸਾਰ ਹੋਇਆ। ਪਿੰਡ ਦਮਦਮਾ ਵਿਖੇ ਸ. ਹਰਵਿੰਦਰ ਸਿੰਘ ਘਰ ਸ੍ਰੀ ਸਤਿਗੁਰੂ ਜੀ ਨੇ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦਿੱਤੇ। 7 ਸਹਿਜ ਪਾਠਾਂ ਦੇ ਭੋਗ ਵੀ ਪਾਏ ਗਏ। ਸ. ਗੁਰਮੇਲ ਸਿੰਘ ਪੁੱਤਰ ਹਰਬਖਸ਼ ਸਿੰਘ ਅਤੇ ਸਵਰਨ ਸਿੰਘ ਪੁੱਤਰ ਗੁਰਚਰਨ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

ਪਿੰਡ ਕਰੀਵਾਲਾ ਵਿਖੇ ਕ੍ਰਿਪਾਲ ਕੌਰ ਪਤਨੀ ਸ. ਲੱਖਾ ਸਿੰਘ, ਬੂਟਾ ਸਿੰਘ ਅਤੇ ਗੁਰਮੁਖ ਸਿੰਘ ਘਰ ਅਖੰਡ ਪਾਠ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਹੁਕਮ ਕੀਤਾ ਕਿ "ਬੱਚਿਆਂ ਨੂੰ ਸਿੱਖੀ ਨਾਲ ਜੋੜੋ ਸਿੱਖੀ ਦਾ ਮਾਣ ਕਰਿਆ ਕਰੋ।" ਸਤਨਾਮ ਸਿੰਘ ਪੁੱਤਰ ਸੁਰਿੰਦਰ ਸਿੰਘ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਪਿੰਡ ਸੰਤ ਨਗਰ ਵਿਖੇ ਸ. ਹਾਕਮ ਸਿੰਘ ਪੁੱਤਰ ਗੁਰਤੇਜ ਸਿੰਘ, ਹੀਰਾ ਸਿੰਘ ਪੁੱਤਰ ਗੁਰਚਰਨ ਸਿੰਘ ਚੂਹੜਕਾਣੀਆਂ ਅਤੇ ਨਰਾਇਣ ਸਿੰਘ ਸਪੀਕਰਾਂ ਵਾਲੇ ਦੇ ਚੜਾਈ ਕਰਨੇ ਸ. ਗੁਰਨਾਮ ਸਿੰਘ ਦੇ ਘਰ ਦਰਸ਼ਨ ਦਿੱਤੇ ਅੰਮ੍ਰਿਤਸਰੀਆਂ ਦੇ ਖੂਹ ਸ. ਜਗਦੀਪ ਸਿੰਘ ਪੁੱਤਰ ਤੀਰਥ ਸਿੰਘ ਪੁੱਤਰ ਭਜਨ ਸਿੰਘ ਚੀਮਾਂ ਦੇ ਘਰ ਚਰਨ ਪਾਏ। ਏਥੋ ਹੀ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਜੀਵਨ ਨਗਰ ਦੀ ਦਾਣਾ ਮੰਡੀ ਵਿਖੇ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ।

ਸ. ਸੁਖਚੈਨ ਸਿੰਘ ਭੰਗੂਰ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਧੰਨਵਾਦ ਕੀਤਾ। ਜਿਲ੍ਹਾਂ ਸਿਰਸਾ ਦਾਣਾ ਮੰਡੀ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਦੀਪ ਜੈਨ ਵੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਆਏ। ਏਥੇ ਹੀ ਸ. ਦਲਜੀਤ ਸਿੰਘ ਬੱਲ ਅਤੇ ਸ. ਜਸਪਾਲ ਸਿੰਘ ਬੱਲ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਅਤੇ ਵਾਪਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

.................................................

## ਚੌਧਰੀ ਦੇਵੀ ਲਾਲ ਯੂਨੀਵਰਸਿਟੀ ਵਿਚ ਇਕ ਵੱਡ ਅਕਾਰੀ ਹਾਲ ਦਾ ਨਾਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ 'ਤੇ ਰੱਖਿਆ

**19 ਮਈ 2025**

ਚੌਧਰੀ ਦੇਵੀ ਲਾਲ ਯੂਨੀਵਰਸਿਟੀ ਸਿਰਸਾ ਨੇ ਭਾਰਤ ਦੇ ਸੁਤੰਤਰਤਾ ਅੰਦੋਲਨ, ਸਮਾਜਿਕ ਜਾਗਰੂਕਤਾ ਅਤੇ ਸਵਦੇਸ਼ੀ ਦੇ ਪ੍ਰੇਰਨਾ ਸ੍ਰੋਤ ਸਤਿਗੁਰੂ ਰਾਮ ਸਿੰਘ ਜੀ ਨੂੰ ਸ਼ਰਧਾਜ਼ਲੀ ਦਿੰਦੇ ਹੋਏ ਯੂਨੀਵਰਸਿਟੀ ਦੇ ਮਲਟੀ ਪਰਪਜ਼ ਹਾਲ ਦਾ ਨਾਮ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ 'ਤੇ ਰੱਖਣ ਦਾ ਇਤਿਹਾਸਿਕ ਫੈਸਲਾ ਲਿਆ ਹੈ। ਇਹ ਫੈਸਲਾ ਯੂਨੀਵਰਸਿਟੀ ਦੇ ਕੁਲਪਤੀ ਪ੍ਰੋ. ਨਰਸੀਰਾਮ ਬਿਸ਼ਨੋਈ ਦੁਆਰਾ ਲਿਆ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਯੂਨੀਵਰਸਿਟੀ ਦੇ ਕਾਰਜਕਾਰੀ ਮੈਂਬਰ ਰਕੇਸ਼ ਗੁਦਾਰਾ ਨੇ ਦੱਸਿਆ ਕਿ ਯੂਨੀਵਰਸਿਟੀ ਦੇ ਵੱਖ-ਵੱਖ ਭਵਨਾਂ ਦੇ ਨਾਮ ਕਰਨ ਦੀ ਯੋਜਨਾ ਦੇ ਤਹਿਤ ਇਹ ਫੈਸਲਾ ਲਿਆ ਗਿਆ ਹੈ। ਇਸ ਤੋਂ ਪਹਿਲਾ ਟੀਚਿੰਗ ਬਲਾਕ 5 ਦਾ ਨਾਮ ਮਾਤਾ ਅਹਿਲਿਆ ਬਾਈ ਹੋਲਕਰ ਭਵਨ ਰੱਖਿਆ ਗਿਆ ਹੈ। ਹੁਣ ਯੂਨੀਵਰਸਿਟੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ 'ਤੇ ਇਕ ਹੋਰ ਪ੍ਰੇਰਨਾਦਾਇਕ ਸਥਾਨ ਜੁੜਨ ਜਾ ਰਿਹਾ ਹੈ। ਕੁਲਪਤੀ ਨਰਸੀਰਾਮ ਬਿਸ਼ਨੋਈ ਨੇ ਕਿਹਾ ਸਤਿਗੁਰੂ ਰਾਮ ਸਿੰਘ ਜੀ 19ਵੀਂ ਸਦੀ ਦੇ ਮਹਾਨ ਸੰਤ, ਸਮਾਜ ਸੁਧਾਰਕ ਅਤੇ ਸੁਤੰਤਰਤਾ ਸੰਗਰਾਮ ਦੇ ਮੋਢੀ ਸਨ। ਉਨ੍ਹਾਂ ਨੇ ਕੂਕਾ ਅੰਦੋਲਨ ਦੀ ਸ਼ੁਰੂਆਤ ਕੀਤੀ ਅਤੇ ਸਵਦੇਸ਼ੀ, ਨਾ-ਮਿਲਵਰਤਨ ਲਹਿਰ, ਔਰਤ ਦਾ ਸਮਾਜਿਕ ਸੁਧਾਰ, ਬਾਲ ਵਿਆਹ ਦਾ ਵਿਰੋਧ, ਨਸ਼ਾ ਮੁਕਤੀ ਅਤੇ ਜਾਤੀ ਵਾਦ ਵਰਗੀਆਂ ਸਮਾਜਿਕ ਬੁਰਾਈਆਂ ਦਾ ਸੁਧਾਰ ਕੀਤਾ। ਨਾਮਧਾਰੀ ਉਹਨਾਂ ਨੂੰ ਆਜ਼ਾਦੀ ਦੀ ਲੜਾਈ ਦੇ ਮੋਢੀ ਮੰਨਦੇ ਹਨ। ਯੂਨੀਵਰਸਿਟੀ ਵਿੱਚ ਉਨ੍ਹਾਂ ਦੇ ਨਾਮ ਉੱਤੇ ਹਾਲ ਦਾ ਨਾਮ ਰੱਖਣ ਨਾਲ ਸਾਡੀ ਨਵੀਂ ਪੀੜੀ ਨੂੰ ਰਾਸ਼ਟਰ ਪ੍ਰੇਮ, ਅਨੁਸ਼ਾਸਨ, ਸਾਮਜਿਕ ਸੁਧਾਰ ਅਤੇ ਸਵੈ ਨਿਰਭਰ ਦਾ ਸੰਦੇਸ਼ ਦੇਵੇਗਾ। ਸਤਿਗੁਰੂ ਰਾਮ ਸਿੰਘ ਹਾਲ ਇਸ ਦਿਸ਼ਾ ਵਿਚ ਪਹਿਲਾ ਸਾਰਥਕ ਕਦਮ ਹੈ।

**ਸੰਪਾਦਕ**

## ਪ੍ਰਬੁੱਧ ਸਾਹਿਤਕਾਰ ਪਦਮ ਸ੍ਰੀ ਰਤਨ ਸਿੰਘ ਜੱਗੀ ਨਹੀਂ ਰਹੇ

**22 ਮਈ 2025–** ਸ. ਰਤਨ ਸਿੰਘ ਜੱਗੀ ਸਤਾਨਵੇਂ ਸਾਲ ਦੀ ਉਮਰ ਭੋਗ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦੀਆਂ ਸਾਹਿਤਕ ਅਤੇ ਧਾਰਮਿਕ ਖੇਤਰ ਵਿਚ ਦਿੱਤੀਆਂ ਵਿਦਿਅਕ ਸੇਵਾਵਾਂ ਅਣਮੁੱਲੀਆਂ ਹਨ। ਪੰਜਾਬੀ ਅਤੇ ਹਿੰਦੀ ਸਾਹਿਤਕ ਅਧਿਐਨ ਖੇਤਰ ਵਿਚ ਉਹਨਾਂ ਦਾ ਵੱਡਾ ਨਾਮ ਸੀ। ਉਹ ਨਿਪੁੰਨ ਆਲੋਚਕ ਤੇ ਰਚਨਾਕਾਰ ਸਨ ਗੁਰਮਤਿ ਅਧਿਐਨ ਅਤੇ ਭਗਤੀ ਲਹਿਰ 'ਤੇ ਵੱਡੇ ਖੋਜ ਕਾਰਜ ਕੀਤੇ। ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ, ਰਾਮ ਚਰਿਤ ਮਾਨਸ ਦਾ ਪੰਜਾਬੀ ਉਲੱਥਾ, ਭਾਈ ਗੁਰਦਾਸ ਦੀਆਂ ਵਾਰਾਂ ਬਾਰੇ ਸ਼ਬਦ ਕੋਸ਼ ਤੇ ਅਨੁਕ੍ਰਮਣਿਕਾ ਅਤੇ ਚਾਰ ਹਵਾਲਾ ਕੋਸ਼ ਪਾਠਕਾਂ ਦੀ ਝੋਲੀ ਪਾਏ। ਸੰਪਾਦਨ ਦੇ ਖੇਤਰ ਵਿਚ ਵੀ ਵੱਡਾ ਯੋਗਦਾਨ ਪਾਇਆ ਜਿਸ ਵਿਚ ਪੰਜ ਪੁਰਾਤਨ ਹੱਥ ਲਿਖਤਾਂ ਦਾ ਸੰਪਾਦਨ ਵਿਸ਼ੇਸ਼ ਹੈ। ਡਾ. ਜੱਗੀ ਦੀ ਸਾਰੀ ਜਿੰਦਗੀ ਇਕ ਸਾਹਿਤਕ ਸਾਧਨਾ ਸੀ ਇਸ ਸਾਧਨਾ ਵਿਚ ਉਹਨਾਂ ਦਾ ਸਾਥ ਹਮਸਫ਼ਰ ਡਾ. ਗੁਰਸ਼ਰਨ ਕੌਰ ਜੱਗੀ ਨੇ ਨਿਭਾਇਆ। ਜੱਗੀ ਸਾਹਿਬ ਅਤਿ ਦੇ ਹਲੀਮੀ ਵਾਲੇ ਸਤਪੁਰਸ਼ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨਾਲ ਹੋਈ ਪਹਿਲੀ ਮੁਲਾਕਾਤ ਬਾਰੇ ਉਹ ਆਪਣੇ ਇਕ ਇੰਟਰਵਿਊ ਵਿਚ ਕਹਿੰਦੇ ਹਨ "ਜਦੋਂ ਸੂਬਾ ਹਰਭਜਨ ਸਿੰਘ ਜੀ ਦੇ ਘਰ ਪਹਿਲੀ ਵਾਰ ਮੈਂ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਮੇਰੇ ਹੱਥ ਗੁਲਾਬ ਦਾ ਫੁੱਲ ਸੀ ਮੈਂ ਜਦੋਂ ਭੇਟ ਕਰਨ ਲਈ ਅੱਖਾਂ ਉਪਰ ਚੁੱਕੀਆਂ ਤਾਂ ਇਕ ਐਸੀ ਕਸ਼ਿਸ਼ ਦਿਲ ਵਿਚ ਪਈ ਮੈਂ ਉਸ ਸਮੇਂ ਹੀ ਕਹਿ ਦਿੱਤਾ ਇਹ ਕੋਈ ਜਨ-ਜੀਵਨ ਵਿਚ ਵਿਚਰਨ ਵਾਲੀ ਮਹਾਨ ਅਧਿਆਤਮਿਕ ਸੱਤਾ (ਤਾਕਤ) ਹੈ। ਉਸ ਦਿਨ ਤੋਂ ਮੈਂ ਸਤਿਗੁਰੂ ਜਗਜੀਤ ਸਿੰਘ ਦੇ ਘਰ ਨਾਲ ਜੁੜ ਗਿਆ। ਉਹ ਲਗਾਤਾਰ ਸਾਡੇ ਦੀਵਾਨਾਂ ਵਿਚ ਹਾਜ਼ਰੀ ਭਰਦੇ ਰਹੇ। ਦੋ ਸਾਲ ਪਹਿਲਾਂ ਜਦੋਂ ਉਹ ਆਏ ਸੀ ਤਾਂ ਉਪਰੋਕਤ ਗੱਲ ਨੂੰ ਉਹਨਾਂ ਸਟੇਜ ਤੋਂ ਦੁਹਰਾਇਆ ਸੀ ਤੇ ਕਿਹਾ ਸੀ ਜਦੋਂ ਵੀ ਮੈਂ ਸ੍ਰੀ ਭੈਣੀ ਸਾਹਿਬ ਆਉਂਦਾ ਹਾਂ ਇਕ ਅਧਿਆਤਮਕ ਸ਼ਾਂਤੀ ਤੇ ਸਕੂਨ ਮਿਲਦਾ ਹੈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉਹਨਾਂ ਨੂੰ ਸ਼੍ਰੋਮਣੀ ਸਾਹਿਤਕਾਰ ਦਾ ਅਵਾਰਡ ਬਖ਼ਸ਼ਿਆ ਡਾ. ਸਾਹਿਬ ਦੀ ਕੀਰਤੀ ਸਦਾ ਪੰਜਾਬੀ ਪਾਠਕਾਂ ਦੇ ਦਿਲਾਂ ਵਿਚ ਰਹੇਗੀ।

**ਸੰਪਾਦਕ**

## ਸ. ਜਸਵਿੰਦਰ ਸਿੰਘ ਹਿਸਟੋਰੀਅਨ ਅਕਾਲ ਚਲਾਣਾ ਕਰ ਗਏ

**31 ਜੂਨ 2025–** ਨਾਮਧਾਰੀ ਇਤਿਹਾਸ ਖੋਜ ਵਿਚ ਸ. ਜਸਵਿੰਦਰ ਸਿੰਘ ਜੀ ਦਾ ਨਾਮ ਮੋਹਰੀ ਸਕੋਲਰਾ ਵਿਚ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨਾਮ ਜਦੋਂ ਤੋਂ ਆਪ ਇਸ ਕਾਰਜ ਲਈ ਤੁਰੇ ਲਗਾਤਾਰ ਕਰਮਸ਼ੀਲ ਰਹੇ। ਸ. ਨਾਹਰ ਸਿੰਘ ਐਮ.ਏ ਤੋਂ ਬਾਅਦ ਨਾਮਧਾਰੀ ਇਤਿਹਾਸ ਦੀ ਖੋਜ ਨੂੰ ਨਿਰੰਤਰਤਾ ਹਿਸਟੋਰੀਅਨ ਜੀ ਨੇ ਦਿੱਤੀ। ਹਿਸਟੋਰੀਅਨ ਜੀ ਦਾ ਜਨਮ 18 ਅਗਸਤ 1949 ਨੂੰ ਪਿਤਾ ਸ. ਕਿਰਪਾਲ ਸਿੰਘ ਕਲਸੀ ਅਤੇ ਮਾਤਾ ਹਰਬੰਸ ਕੌਰ ਦੇ ਘਰ ਬਟਾਲੇ ਵਿਖੇ ਹੋਇਆ। ਐਮ.ਏ ਇਤਿਹਾਸ ਦੀ ਕਰਨ ਤੋਂ ਬਾਅਦ 1969 ਈ. ਵਿੱਚ ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਵਿਚ ਨੌਕਰੀ ਕੀਤੀ ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨਾਲ 15 ਸਾਲ ਬਾਅਦ ਨੌਕਰੀ ਨੂੰ ਛੱਡ ਨਾਮਧਾਰੀ ਇਤਿਹਾਸ ਖੋਜ ਵੱਲ ਰੁਝ ਗਏ। ਅਮਰ ਨਾਇਕਾਂ ਦੀਆਂ ਸਜਾਵਾਂ ਵਾਲੀਆਂ ਜਗ੍ਹਾ, ਨਾਮਧਾਰੀ ਇਤਿਹਾਸ ਦੀਆਂ ਪੈੜਾਂ ਟੋਂਹਦੇ ਹਿਸਟੋਰੀਅਨ ਸਾਹਿਬ ਰੰਗੂਨ ਤੱਕ ਗਏ ਸਰਕਾਰੀ ਕਾਗਜਾਂ ਅਤੇ ਨਾਮਧਾਰੀ ਲੇਖਕਾਂ ਦੀਆਂ ਲਿਖਤਾਂ ਵਿਚਾਲੇ ਅੰਤਰਾ ਨੂੰ ਸਪਸ਼ਟ ਕੀਤਾ। ਸਤਿਗੁਰੂ ਬਿਲਾਸ ਸੰਤ ਸੰਤੋਖ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦਾ ਸੰਪਾਦਨ ਕਰ ਮੁੱਢਲੇ ਇਤਿਹਾਸਕ ਸਰੋਤਾਂ ਨੂੰ ਸੰਗਤ ਸਾਹਮਣੇ ਲਿਆਂਦਾਂ। ਕਿਲਿਆਂ ਵਿਚ ਕੈਦ ਕੂਕੇ ਕਿਤਾਬ ਵਿਚ ਇਹਨਾਂ ਨੇ ਕੈਦ ਵਾਲੀਆਂ ਜਗਾਵਾਂ ਦੀ ਨਿਸ਼ਾਨਦੇਹੀ ਕੀਤੀ ਅਤੇ ਉਹਨਾਂ ਸਿੰਘਾਂ ਦੀ ਘਾਲਣਾ ਸੰਗਤ ਸਾਹਮਣੇ ਪੇਸ਼ ਕੀਤੀ। ਮੇਰੇ ਇਤਿਹਾਸਕ ਲੇਖ (2021) ਕਿਤਾਬ ਅੰਤਲੀ ਲਿਖਤ ਸੀ ਜਿਸ ਵਿੱਚ ਉਹ ਆਰਟੀਕਲ ਜੋ ਨਾਮਧਾਰੀ ਇਤਿਹਾਸਕ ਖੋਜ ਨੂੰ ਨਵਾਂ ਮੋੜ ਦਿੰਦੇ ਹਨ ਉਹ ਦਰਜ ਕੀਤੇ। ਬਹੁਤ ਸਾਰੀਆਂ ਕਿਤਾਬਾਂ ਸੰਪਾਦਨ ਵੀ ਕੀਤੀਆ। ਮੈਕਨਬ ਰਿਪੋਰਟ ਇਕ ਸਰਕਾਰੀ ਦਸਤਾਵੇਜ ਕਿਤਾਬ ਹੈ ਜੋ ਇਤਿਹਾਸਕ ਪੱਖ ਤੋਂ ਮਹੱਤਪੂਰਨ ਹੈ। ਜਸਵਿੰਦਰ ਸਿੰਘ ਜੀ ਪਿਛਲੇ ਕੁਝ ਸਮੇਂ ਤੋਂ ਸਰੀਰਕ ਪੱਖੋਂ ਤੰਗ ਸੀ। ਸ੍ਰੀ ਸਤਿਗੁਰੂ ਜੀ ਨੇ ਆਪ ਨੂੰ ਸ੍ਰੀ ਭੈਣੀ ਸਾਹਿਬ ਰਖਿਆ ਸੀ ਅਤੇ ਇਲਾਜ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਤੋਂ ਚੱਲ ਰਿਹਾ ਸੀ। ਆਖਰ 76 ਸਾਲ ਦੀ ਉਮਰ ਭੋਗ ਇਸ ਸਾਰ ਸੰਸਾਰ ਨੂੰ ਅਲਵਿਦਾ ਆਖ ਗਏ। ਉਹਨਾਂ ਦੀ ਕਿਰਤੀ ਸਦਾ ਨਾਮਧਾਰੀ ਸੰਗਤ ਦੇ ਦਿਲਾਂ ਵਿਚ ਰਹੇਗੀ।

**ਸੰਪਾਦਕ**

# ਗੁਰਮਤਿ ਸਿਖਲਾਈ ਸਮਾਗਮ ਮਾਝਾ ਜ਼ੋਨ 2025































Date of Publication: 06 June 2025
Date of Posting: 08 June 2025

RNI NO.55658/93
LDM/008/2021-2023

## ਡਾ. ਰਤਨ ਸਿੰਘ ਜੱਗੀ ਜੀ ਤੇ ਸ. ਜਸਵਿੰਦਰ ਸਿੰਘ ਹਿਸਟੋਰੀਅਨ ਜੀ ਦੀਆਂ ਸ੍ਰੀ ਸਤਿਗੁਰੂ ਜੀ ਨਾਲ ਯਾਦਗਾਰੀ ਤਸਵੀਰਾਂ









Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.